ਰੇਡੀਓ ਲਵੀਵਾਰ: ਜਲਵਾਯੂ ਬਦਲਾਅ - ਕਿਉਂ ਬਦਲ ਰਹੀ ਹੈਂ ਫਿਜ਼ਾਏਂ

ਕੜੀ ਨੰ. 17

# ਬਨਸਪਤੀ ਤੇ ਜੀਵ-ਜੰਤੂਆਂ ਦੇ ਪਸਾਰੇ ਵਿੱਚ ਬਦਲਾਅ

(Change in Vegetation and Animal Distribution)


**ਮੁੱਖ ਖੋਜ ਅਤੇ ਆਲੇਖ - ਡਾ. ਆਰ.ਐੱਸ. ਯਾਦਵ**

**ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ**


(In this episode by way of a magic show in a dramatic manner, we shall explain the impact of the changinging climate and ensuing Global warming on the living world of this palnet. We shall focus the change in the vegetations and the animals as a consequence of the climate change and shall in particular examine the effect on the distribution of the population of living organisms and plants, the animals, cattle, birds, insects-centepedes and the trees and other plantations, through out the earth and its atmosphere. This phenomenon of change in distribution may not be that visible and obviously we may not be able to recognize it presently being a very slow process but in the long run there shall be very significant change in the distribution of animals and the plants through out on the earth , in the sea and in the atmosphere.)

(ਇਸ ਕੜੀ ਵਿੱਚ ਮਦਾਰੀ ਦੇ ਖੇਲ ਦੇ ਨਾਟਕੀ ਅੰਦਾਜ਼ ਦੇ ਜ਼ਰੀਏ ਚਰਚਾ ਕਰਦੇ ਹੋਏ ਅਸੀਂ ਵਿਆਖਿਆ ਕਰਾਂਗੇ ਉਸ ਪ੍ਰਭਾਵ ਦੀ ਜੋ ਕਿ ਜਲਵਾਯੂ ਬਦਲਾਅ ਦੇ ਕਾਰਨ ਵਧ ਰਹੀ ਆਲਮੀ ਤਪਸ਼ ਦਾ ਪਵੇਗਾ ਇਸ ਧਰਤੀ ਉਪਰ ਪਾਏ ਜਾਂਦੇ ਜੀਵਾਂ ਅਤੇ ਬਨਸਪਤੀ ਦੇ ਉਪਰ ਵਿਸ਼ੇਸ਼ ਕਰਕੇ ਜਾਨਵਰਾਂ, ਪਸ਼ੂ-ਪੰਛੀਆਂ, ਕੀੜੇ-ਮਕੌੜਿਆਂ ਦੀ ਅਤੇ ਪੇੜ ਪੌਦਿਆਂ ਦੇ ਇਸ ਧਰਤੀ ਅਤੇ ਇਸਦੇ ਵਾਯੂ-ਮੰਡਲ ਵਿਚਲੇ ਪਸਾਰੇ ਦੇ ਉਪਰ ।ਸੁਣਾਂਗੇ ਕਿ ਕਿਸ ਪ੍ਰਕਾਰ ਗਲੋਬਲ ਵਾਰਮਿੰਗ ਨਾਲ ਪੇੜ-ਪੌਦੇ, ਬਨਸਪਤੀਆਂ ਅਤੇ ਜੀਵ-ਜੰਤੂਆਂ ਦੀਆਂ ਪ੍ਰਜਾਤੀਆਂ ਪ੍ਰਭਾਵਿਤ ਹੋ ਰਹੀਆਂ ਹਨ? ਧੀਮੀ ਗਤੀ ਨਾਲ ਹੋ ਰਹੇ ਪਰਿਵਰਤਨ ਦਾ ਇਹ ਵਰਤਾਰਾ ਅਜੇ ਨਜ਼ਰ ਨਹੀਂ ਆਉਂਦਾ ਅਤੇ ਅਸੀਂ ਇਸ ਨੂੰ ਮਹਿਸੂਸ ਵੀ ਨਾ ਕਰ ਸਕਦੇ ਹੋਈਏ, ਪਰ ਆਉਣ ਵਾਲੇ ਸਮੇਂ ਵਿਚ ਇਸ ਦੇ ਪ੍ਰਭਾਵ ਸਪਸ਼ਟ ਦਿਖਣ ਲੱਗਣਗੇ, ਧਰਤੀ ਉਪਰ , ਸਮੁੰਦਰਾਂ ਵਿੱਚ ਤੇ ਵਾਯੂ-ਮੰਡਲ ਵਿੱਚ ਜਾਨਵਰਾਂ ਤੇ ਪੌਦਿਆਂ ਦੇ ਪਸਾਰੇ ਉਪਰ ਇਸਦਾ ਗਹਿਰਾ ਪ੍ਰਭਾਵ ਪਵੇਗਾ।)

**ਪਾਤਰ**

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

**ਰਾਮੂ (12 ਸਾਲ):** ਜਮੂਰਾ

**ਮਹੇਸ਼ (35 ਸਾਲ):** ਜਾਦੂਗਰ/ਮਦਾਰੀ

**ਨਰੇਸ਼ (23 ਸਾਲ):** ਖੋਜੀ ਵਿਦਿਆਰਥੀ

**ਡਾ. ਕ੍ਰਿਸ਼ਨਾ (55 ਸਾਲ):** ਵਾਤਾਵਰਨ ਵਿਗਿਆਨ ਦੇ ਪ੍ਰੋਫੈਸਰ

**ਨੇਹਾ (27 ਸਾਲ):** ਸਹਾਇਕ ਪ੍ਰੋਫੈਸਰ ਅਤੇ ਖੋਜਾਰਥੀ

## ਸ਼ੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

(ਸੰਗੀਤ...)

**ਐਲਾਨ** : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਵਿਗਿਆਨ** ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਸਤਾਰਵੀਂ ਕੜੀ 'ਬਨਸਪਤੀ ਤੇ ਜੀਵ-ਜੰਤੂਆਂ ਦੇ ਪਸਾਰੇ ਵਿੱਚ ਬਦਲਾਅ'!**

(ਸਿਰਲੇਖ ਗੀਤ ਦਾ ਸੰਗੀਤ...)

**ਔਰਤ ਸੂਤਰਧਾਰ** : ਹਾਂ, ਪਿਆਰੇ ਸ੍ਰੋਤਿਓ ...ਵਿਗਿਆਨ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਸਤਾਰਵੀਂ ਕੜੀ ਵਿੱਚ ਨਿੱਘਾ ਸੁਆਗਤ ਹੈ। ਜੀ ਆਇਆਂ ਨੂੰ! ਸਤਿ ਸ੍ਰੀ ਅਕਾਲ! ਨਮਸਤੇ!

**ਮਰਦ ਸੂਤਰਧਾਰ** : ਹਾਂ! ਪਿਛਲੀ ਕੜੀ **"ਸਮੁੰਦਰਾਂ ਦੇ ਪੱਧਰ ਦਾ ਵਧਣਾ"** ਵਿੱਚ ਸੁਣੀ ਸੀ ਕਹਾਣੀ ਅਸੀਂ ਕਿ ਸਾਡੀ ਇਸ ਧਰਤੀ ਦੇ ਉਪਰ ਵਧਦੇ ਰਹੇ ਤਾਪਮਾਨ ਦੇ ਕਾਰਨ ਕਿਵੇਂ ਵੱਧ ਰਿਹਾ ਹੈ ਜਲ ਪੱਧਰ ਸਮੁੰਦਰਾਂ ਦਾ !

**ਔਰਤ ਸੂਤਰਧਾਰ** : ਬਿਆਨ ਕੀਤਾ ਸੀ ਕਿ ਕਿਵੇਂ ਗਲੇਸ਼ੀਅਰਾਂ ਦੇ ਪਿਘਲਣ ਕਾਰਨ ਵਧ ਰਿਹਾ ਹੈ ਸਾਗਰਾਂ ਦੇ ਪਾਣੀ ਦਾ ਪੱਧਰ !

**ਮਰਦ ਸੂਤਰਧਾਰ** : ਸੁਣਿਆ ਸੀ ਤੁਸੀਂ! ਕਿ ਸਮੁੰਦਰਾਂ ਦੇ ਪਾਣੀ ਦਾ ਆਇਤਨ ਵਧਦੇ ਤਾਪਮਾਨ ਨਾਲ ਵਧਣ ਕਰਕੇ ਵੀ ਜਲ ਪੱਧਰ ਉਚਾ ਹੋ ਜਾਂਦਾ ਹੈ ।

**ਔਰਤ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ ਤਾਪਮਾਨ ਵਧਣ ਨਾਲ ਪਾਣੀ ਫੈਲਦਾ ਹੈ ਅਤੇ ਇਹ ਫੈਲਾਓ ਗਹਿਰੇ ਸਮੁੰਦਰਾਂ ਵਿੱਚ ਹੋਰ ਵੀ ਜਿਆਦਾ ਹੁੰਦਾ ਹੈ ।

**ਮਰਦ ਸੂਤਰਧਾਰ** : ਦੱਸਿਆ ਸੀ ਕਿ ਧਰੁਵਾਂ ਦੀਆਂ ਬਰਫੀਲੀਆਂ ਚੋਟੀਆਂ ਤੇ ਜੰਮੀ ਪਈ ਬਰਫ ਦੀ ਚਾਦਰ ਜਸ ਪਿਘਲਦੀ ਹੈ ਤਾਂ ਉਸਦਾ ਕੁੱਝ ਪਾਣੀ ਵਹਿ ਕੇ ਨੀਚੇ ਆ ਜਾਂਦਾ ਹੈ ਅਥੇ ਸਮੁੰਦਰਾਂ ਵਿੱਚ ਜਾ ਕੇ ਉਨ੍ਹਾਂ ਦੇ ਜਲ ਪੱਧਰ ਨੂੰ ਉਠਾ ਦਿੰਦਾ ਹੈ ।

**ਔਰਤ ਸੂਤਰਧਾਰ** : ਸੁਣਾਇਆ ਸੀ ਵਿਸਤਾਰ ਕਿ ਕਿਵੇਂ ਜਲ ਪੱਧਰ ਦਾ ਇਹ ਵਾਧਾ ਵੱਖ ਵੱਖ ਥਾਵਾਂ ਤੇ ਵੱਖ ਵੱਖ ਹੁੰਦਾ ਹੈ ।

**ਮਰਦ ਸੂਤਰਧਾਰ** : ਹਾਂ ਸੁਣਿਆ ਸੀ ਕਿ ਕੈਲੇਫੋਰਨੀਆ ਤੇ ਫਲੋਰੀਡਾ ਵਿੱਚ ਇਹ ਵਾਧਾ ਬਾਕੀ ਇਲਾਕਿਆਂ ਨਾਲੋਂ

52% ਵੱਧ ਹੈ ।

**ਔਰਤ ਸੂਤਰਧਾਰ** : ਸੁਣਿਆ ਸੀ ਬ੍ਰਿਤਾਂਤ ਕਿ ਕਿਵੇਂ ਜਲਵਾਯੂ ਬਦਲਾਅ ਬਾਬਤ ਅੰਤਰ ਸਰਕਾਰੀ ਦਲ ਦੇ ਅੰਦਾਜ਼ੇ ਹਨ ਕਿ 2099 ਤੱਕ ਸਮੁੰਦਰਾਂ ਦਾ ਜਲ ਪੱਧਰ 90 ਸੈਂਟੀਮੀਟਰ ਉਚਾ ਹੋ ਜਾਵੇਗਾ ।

**ਮਰਦ ਸੂਤਰਧਾਰ** : ਹਾਂ ਜੀ! ਸੁਣਾਈ ਸੀ ਇਹ ਵੀ ਗਾਥਾ ਕਿ ਸੰਸਾਰ ਦੇ ਦੋ ਤਿਹਾਈ ਮਹਾਂ ਨਗਰ ਜੋ ਸਮੁੰਦਰਾਂ ਦੇ ਨੇੜੇ ਹਨ, ਨੂੰ ਜਲ ਪੱਧਰ ਦੇ ਇਸ ਵਾਧੇ ਨਾਲ ਜਲ ਮਗਨ ਹੋ ਜਾਣ ਦਾ ਖਤਰਾ ਹੈ !

**ਔਰਤ ਸੂਤਰਧਾਰ** : ਸੁਣਿਆ ਸੀ ਇਹ ਭੇਦ ਵੀ ਕਿ ਕਿਵੇਂ ਸਮੁੰਦਰੀ ਤਲ ਤੋਂ 10 ਮੀਟਰ ਤੱਕ ਦੀ ਉਚਾਈ ਤੇ ਵਸਦੇ ਪਿੰਡ ਸ਼ਹਿਰ ਤੇ ਨਗਰ ਖੇੜੇ ਇਸ ਮਾਰ ਦੀ ਜੱਦ ਵਿੱਚ ਆਉਂਦੇ ਹਨ ।

**ਮਰਦ ਸੂਤਰਧਾਰ** : ਹਾਂ ਜੀ! ਬਿਆਨ ਕਰ ਦਿੱਤਾ ਸੀ ਕਿ ਯੁਗਾਂ-ਯੁਗਾਂਤਰਾਂ ਤੋਂ ਬਣ ਰਹੀਆਂ ਨੇ ਬਰਫ ਦੀਆਂ ਪਰਤਾਂ ਦੇ ਪਿਘਲਣ ਨਾਲ ਸਮੁੰਦਰ 12-13 ਮੀਟਰ ਉਚਾ ਉੱਠ ਜਾਵੇਗਾ ।

**ਔਰਤ ਸੂਤਰਧਾਰ** : ਸੁਣਿਆ ਸੀ ਕਿ ਸੰਸਾਰ ਦਾ ਤਾਪਮਾਨ ਕੇਵਲ 2 ਡਿਗਰੀ ਸੈਲਸੀਅਸ ਹੋਰ ਵਧ ਜਾਣ ਨਾਲ ਪਰਲੋ ਦਾ ਖਤਰਾ ਹੈ , ਕਿਉਂ ਜੋ ਸਮੁੰਦਰੀ ਤਟਾਂ ਦੀ ਸਾਰੀ ਦੀ ਸਾਰੀ ਵਸੋਂ ਜਲ ਸਮਾਧੀ ਲੈ ਲਵੇਗੀ ।

**ਮਰਦ ਸੂਤਰਧਾਰ** : ਹਾਂ ਜੀ! ਬਿਆਨ ਕਰ ਦਿੱਤਾ ਸੀ ਕਿ ਇਸ ਤੋਂ ਅਗਲਾ ਵਾਧਾ ਤਾਂ ਮਹਾਂ ਪਰਲੋ ਹੋ ਨਿਬੜੇਗਾ ।

**ਔਰਤ ਸੂਤਰਧਾਰ** : ਸੁਣਿਆ ਸੀ ਇਹ ਬ੍ਰਿਤਾਂਤ ਵੀ ਕਿ ਕਿਵੇਂ ਸੰਸਾਰ ਦੇ 196 ਦੇਸਾਂ ਨੇ ਸਹਿਮਤੀ ਬਣਾਈ ਹੈ ਕਿ ਤਾਪਮਾਨ ਦਾ ਵਾਧਾ 1.5 ਤੋਂ 2 ਡਿਗਰੀ ਸੈਲਸੀਅਸ ਤੱਕ ਹੀ ਸੀਮਤ ਕੀਤਾ ਜਾਵੇ ।

**ਮਰਦ ਸੂਤਰਧਾਰ** : ਅੱਜ ਦੀ ਇਸ ਕੜੀ ਵਿੱਚ ਸੁਣਾਂਗੇ ਅਸੀਂ ਕਹਾਣੀ, ਜਲਵਾਯੂ ਦੇ ਬਦਲਾਅ ਕਾਰਨ ਵੱਧਦੇ ਤਾਪਮਾਨ ਦੇ ਇਸ ਧਰਤ ਗ੍ਰਹਿ ਦੇ ਜੈਵਿਕ ਸੰਸਾਰ ‘ਤੇ ਪੈਣ ਵਾਲੇ ਪ੍ਰਭਾਵਾਂ ਦੀ , ਵਿਸ਼ੇਸ਼ ਕਰਕੇ ਜਾਨਵਰਾਂ ਤੇ ਬਨਸਪਤੀ ਦੇ ਪਸਾਰੇ ਦੇ ਉਪਰ ਪੈਣ ਵਾਲੇ ਪ੍ਰਭਾਵਾਂ ਦੀ !

**ਮਰਦ ਸੂਤਰਧਾਰ** : ਲਓ ਸੁਣੋ ਇਸ ਨਵੇਂ ਲੜੀਵਾਰ **‘ਕਿਉਂ ਬਦਲ ਰਹੀ ਹੈਂ ਫਿਜ਼ਾਏਂ’** ਦੀ ਸਤਾਰਵੀਂ ਕੜੀ **“ਬਨਸਪਤੀ ਤੇ ਜੀਵ- ਜੰਤੂਆਂ ਦੇ ਪਸਾਰੇ ਵਿੱਚ ਬਦਲਾਅ”!** ਲਓ! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪਹਿਲਾ**......

ਸ਼ਹਿਰ ਦੀਆਂ ਸੜਕਾਂ/ਬੱਸਾਂ, ਕਾਰਾਂ ਅਤੇ ਗੱਡੀਆਂ ਦੇ ਆਉਣ-ਜਾਣ ਦਾ ਸ਼ੋਰ ਅਤੇ ਹਾਰਨ। ਇਕ ਜਾਦੂਗਰ... ਸੜਕ ਦੇ ਕਿਨਾਰੇ, ਆਪਣੇ ਖੇਡ ਦੀ ਤਿਆਰੀ ਵਿਚ/ਡਮਰੂ/ਢੋਲਕ ਦੀ ਧੁਨੀ

**ਮਹੇਸ਼:** ਮੇਹਰਬਾਨੋ...... ਕਦਰਦਾਨੋ... ਸੁਣੋ... ਸੁਣੋ...

**ਰਾਮੂ:** ਉਸਤਾਦ! ਅੱਜ ਤੁਹਾਡੇ ਮਨ ਵਿਚ ਕੀ ਚਲ ਰਿਹਾ ਹੈ? ਤੁਹਾਡੀ ਅਵਾਜ਼ ਦੱਸ ਰਹੀ ਹੈ, ਕੁਝ ਨਵਾਂ ਹੋਣ ਜਾ ਰਿਹਾ ਹੈ।

**ਮਹੇਸ਼:** ਜਮੂਰੇ! ਇਕ ਸੱਚਾਈ ਇਕ ਰਾਜ... ਜਿਸ ਨੂੰ ਦੱਸਣਾ ਹੈ ਅੰਤਾਂ ਦਾ ਕਸ਼ਟਦਾਇਕ !

**ਰਾਮੂ:** ਰਾਜ...! ਕੀ ਹੈ- ਉਹ ਰਾਜ ? ਪਹਿਲੀ ਵਾਰ ਸੁਣ ਰਿਹਾ ਹਾਂ, ਤੁਹਾਡੇ ਮਨ ਵਿਚ ਵੀ, ਕੋਈ ਰਾਜ ਲੁਕਿਆ ਹੋਇਆ ਹੈ।ਤੁਹਾਡੇ ਮਨ ਵਿਚ ਤਾਂ ਕੋਈ ਗੱਲ ਛੁਪੀ ਰਹਿ ਹੀ ਨਹੀਂ ਸਕਦੀ। ਤੁਹਾਡਾ ਮਨ ਤਾਂ ਕਿਤਾਬ ਦੇ ਖੁੱਲ੍ਹੇ ਵਰਕਿਆਂ ਵਰਗਾ ਹੈ।

**ਮਹੇਸ਼:** ਜਮੂਰੇ! ਉਮਰ ਤੋਂ ਕੁਝ ਜ਼ਿਆਦਾ ਹੀ ਵੱਡਾ ਲਗਦਾ ਹੈਂ ? ਬਹੁਤ ਹੀ ਚਤੁਰਾਈ ਭਰਿਆ ਸਵਾਲ ਕੀਤਾ ਹੈ!

**ਰਾਮੂ:** (ਹੱਸਦੇ ਹੋਏ) ਉਸਤਾਦ ! ਚਤੁਰਾਈ ? ਕਿਹੜੀ ਚਤੁਰਾਈ ? ਮੈਂ, ਸਭ ਕੁਝ ਤੁਹਾਡੇ ਤੋਂ ਹੀ ਸਿੱਖਿਆ ਹੈ। ਇਹ ਮੇਰਾ ਨਹੀਂ, ਤੁਹਾਡਾ ਹੀ ਦਿਮਾਗ਼ ਜਲਬੇ ਵਿਖਾ ਰਿਹਾ ਹੈ।

**ਮਹੇਸ਼:** ਮੇਹਰਬਾਨੋ... ਕਦਰਦਾਨੋ। ਸੁਣੋ... ਸੁਣੋ... ਕੀ ਕਹਿ ਰਿਹਾ ਹੈ ਇਹ ਜਮੂਰਾ ? ਆਪਣਾਂ ਹੀ ਬਾਪ ਬਣ ਰਿਹਾ ਹੈ ! ਕੱਦ- ਬੁੱਤ ਨਾਲੋਂ ਕੁੱਝ ਜ਼ਿਆਦਾ ਹੀ ਸਮਝਦਾਰ ਲੱਗਦਾ ਹੈ। ਅਜੇ ਤਾਂ ਇਸਦੇ, ਦੁੱਧ ਦੇ ਦੰਦ ਵੀ ਨਹੀਂ ਟੁੱਟੇ। ਪਰ ਗੱਲ ਕਰ ਰਿਹਾ ਹੈ ਦਾਦੇ ਪੜਦਾਦਿਆਂ ਵਾਂਗ !

**ਰਾਮੂ:** (ਹੱਸਦੇ ਹੋਏ) ਉਸਤਾਦ, ਤਾਰੀਫ ਦੇ ਲਈ ਧੰਨਵਾਦ। ਪਰ, ਇਹ ਤਾਂ ਫੁੱਟੋ ਕਿ ਅੱਜ ਤੁਹਾਡੇ ਜਾਦੂ ਦੇ ਪਿਟਾਰੇ ਵਿਚ ਹੈ ਕੀ ਕੁਝ ? ਕੀ ਕੋਈ ਵੱਡਾ ਰਾਜ ਲਿਆਏ ਹੋ?

**ਮਹੇਸ਼:** ਵਾਹ ਜਮੂਰੇ ! ਜਰਾ ਠੰਢ ਰੱਖ , ਸਬਰ ਤਾਂ ਕਰ ! ਪਲਾਂ ਵਿੱਚ, ਸਭ ਕੁਝ ਤੇਰੇ ਸਾਹਮਣੇ ਹੋਵੇਗਾ। ਮੈਂ, ਆਪਣੇ ਰਾਜ ਨੂੰ ਜ਼ਿਆਦਾ ਦੇਰ ਤਕ ਪਿਟਾਰੇ ਵਿਚ ਬੰਦ ਨਹੀਂ ਰੱਖ ਸਕਦਾ। ਬੱਸ ਜਰਾ ਕੁੱਝ ਪਲਾਂ ਬਾਅਦ ਸਭ ਕੁਝ ਪਿਟਾਰੇ ਵਿੱਚੋਂ ਬਾਹਰ ਆ ਜਾਵੇਗਾ , ਹੋਵੇਗਾ ਸਭ ਦੇ ਸਾਹਮਣੇ !

**ਰਾਮੂ:** ਮੇਰੇ ਹਜ਼ੂਰ!ਮੇਰੇ ਮਾਲਕ ! ਰਾਜ ਤਾਂ ਇੱਕ ਮੇਰੇ ਮਨ ਵਿਚ ਵੀ ਹੈ... ਜਾਦੂ ਦਾ ਪਿਟਾਰਾ...

**ਮਹੇਸ਼:** (ਹੱਸਦੇ ਹੋਏ) ਟ੍ਰਿਕ... ਯਾਨੀ ਜਾਦੂ... ਉਹ ਵੀ ਤੂੰ... ਬਹੁਤ ਅੱਛਾ ! ਦਰਸ਼ਕ ਵੀ ਚਾਹੁਣਗੇ ਵੇਖਣਾ ਤੇਰੇ ਜਾਦੂ ਨੂੰ ! ਅੱਛਾ ਪਹਿਲਾਂ ਕੌਣ... ਤੂੰ ਜਾਂ ਮੈਂ...

**ਰਾਮੂ:** ਬਾਸ, ਇਸਦਾ ਫੈਸਲਾ ਆਪਾਂ ਨਹੀਂ ਕਰ ਸਕਦੇ। ਇਹ ਫੈਸਲਾ ਆਪਾਂ ਦਰਸ਼ਕਾਂ ‘ਤੇ ਛੱਡਦੇ ਹਾਂ। ਉਸ ਬੰਦੇ ਨੂੰ ਵੇਖੋ। ਪੜ੍ਹਿਆ-ਲਿਖਿਆ ਹੈ, ਅਤੇ ਲਗਦਾ ਹੈ ਕਿਤੇ ਪੜ੍ਹਾਉਂਦੇ ਹੋਣਗੇ। ਤੁਹਾਡੀ ਤਰ੍ਹਾਂ... (ਹੱਸਦੇ ਹੋਏ)

**##ਭੀੜ ਦਾ ਸਮੂਹਿਕ ਸੁਰ... ਪਹਿਲਾਂ ਜਮੂਰਾ##**

**ਮਹੇਸ਼:** ਬਹੁਤ ਅੱਛਾ! ਜਨਤਾ ਜਨਾਰਦਨ ਸਭ ਤੋਂ ਉਪਰ... ਠੀਕ ਹੈ। ਮੇਰੇ ਉਸਤਾਦ, ਤੁਹਾਡਾ ਸਵਾਗਤ ਹੈ। ਆ ਜਾਓ ਹੁਣ ਇਸ ਸਥਾਨ ’ਤੇ, ਆ ਜਾਓ ! ਤੁਸੀਂ, ਬਹੁਤ ਚਿਰ ਤੋਂ ਇਸ ਸੀਟ ਦੇ ਇੰਤਜ਼ਾਰ ਵਿਚ ਸੀ।

**##ਧੁਨੀ ਪ੍ਰਭਾਵ-ਡਮਰੂ##**

**ਰਾਮੂ:** (ਹੱਸਦੇ ਹੋਏ) ਹੁਣ ਆਇਆ ਊਠ ਪਹਾੜ ਹੇਠ। ਸਮਝੇ - ਕੀ ਕਹਿ ਰਿਹਾ ਹਾਂ। ਅੱਜ ਤੂੰ ਜਮੂਰੇ ਦਾ

ਆਦੇਸ਼ ਮੰਨਣਾ ਹੈ। ਸਾਰੇ ਬਦਲੇ ਲਵਾਂਗਾ... ਗਿਣ ਗਿਣ ਕੇ ! (ਹੱਸਦੇ ਹੋਏ)

**ਮਹੇਸ਼:** ਓ. ਕੇ. ਮੇਰੇ ਮਾਲਿਕ! ਜਮੂਰਾ ਹਾਜ਼ਿਰ ਹੈ। ਮੇਰੇ ਲਈ ਕੀ ਹੈ ਆਦੇਸ਼ ?

**##ਧੁਨੀ ਪ੍ਰਭਾਵ-ਢੋਲ/ਡਮਰੂ##**

**ਰਾਮੂ:** ਮੇਹਰਬਾਨੋ ਅਤੇ ਕਦਰਦਾਨੋ। ਜਲਦੀ ਹੀ, ਤੁਹਾਡੇ ਸਾਹਮਣੇ ਇਕ ਅਦਭੁੱਤ ਜਾਦੂ ਹੋਵੇਗਾ। ਦਿਲ ਥਾਮ ਕੇ ਬੈਠਣਾ।

**ਮਹੇਸ਼:** ਸਵਾਮੀ... ਫਿਕਰ ਨਾ ਕਰੋ ! ਆਪਣੇ ਇਹ ਸਭ ਲੋਕ, ਮਨ ਅਤੇ ਵਚਨ ਦੇ ਸੱਚੇ ਹਨ। ਉਹ ਤੁਹਾਡੇ ਜਾਦੂ ਦੀ ਉਡੀਕ ਕਰ ਰਹੇ ਹਨ। ਤੁਹਾਡੇ ਮਨ ਅਤੇ ਪਿਟਾਰੇ ਵਿਚ ਕੀ ਹੈ? ਜਲਦੀ ਕਰੋ।

**ਰਾਮੂ:** ਇੰਤਜ਼ਾਰ... ਥੋੜ੍ਹਾ ਇੰਤਜ਼ਾਰ ਕਰੋ ! ਸਬਰ ਦਾ ਫਲ ਮਿੱਠਾ ਹੁੰਦਾ ਹੈ।

**ਮਹੇਸ਼:** ਮੇਰੇ ਮਾਲਿਕ, ਸਮਝਿਆ। ਮੈਂ ਤਾਂ ਇੰਤਜ਼ਾਰ ਕਰ ਸਕਦਾ ਹਾਂ। ਪਰ ਇਨ੍ਹਾਂ ਲੋਕਾਂ ਦਾ ਕੀ ਹੋਵੇਗਾ ?

**ਰਾਮੂ:** (ਹੱਸਦਾ ਹੈ) ਅੱਛਾ! ਅੱਛਾ! ਹੁਣ ਹੋਰ ਇੰਤਜ਼ਾਰ ਨਹੀਂ। (ਢੋਲ/ਡਮਰੂ ਦੀ ਤਾਲ) ਆਪਣਾ ਧਿਆਨ, ਇਧਰ ਕਰੋ। ਇਹ ਥੈਲਾ ਖਾਲੀ ਹੈ... ਵੇਖੋ... ਵੇਖੋ... ਚੰਗੀ ਤਰ੍ਹਾਂ ਵੇਖੋ/ ਕੋਈ ਤੁਹਾਡੇ ਵਿਚੋਂ ਵੇਖਣਾ ਚਾਹੇਗਾ ? ਤੁਸੀਂ...? ਅੱਛਾ ਤੁਸੀਂ... ਅੱਗੇ ਆਓ।

**ਮਹੇਸ਼:** ਮੈਨੂੰ ਸ਼ੱਕ ਹੈ... ਮਾਈ ਲਾਰਡ। ਇਸ ਦੇ ਅੰਦਰ ਕੁਝ ਹੈ। ਵੇਖੋ ਭਰਿਆ ਹੋਇਆ ਲਗਦਾ ਹੈ। ਜਨਤਾ ਜਨਾਰਦਨ ਸਭ ਵੇਖ ਰਹੀ ਹੈ।

**(ਇਕ ਸੁਰ ਵਿਚ) ਹਾਂ ਇਸਦੇ ਅੰਦਰ ਕੁਝ ਰੱਖਿਆ ਹੋਇਆ ਹੈ।**

**ਰਾਮੂ:** (ਹੱਸਦਾ ਹੈ) ਇਹ ਤਾਂ ਸਭ ਮੇਰੇ ਜਾਦੂ ਦਾ ਕਮਾਲ ਹੈ। ਮੇਰੇ ਕੋਲ ਸ਼ੁਰੂ ਵਿਚ ਖ਼ਾਲੀ ਥੈਲਾ ਸੀ ਅਤੇ ਵੇਖੋ... ਵੇਖੋ... ਇਹ ਤਾਂ ਫੁੱਲਾਂ ਦੀਆਂ ਪੰਖੜੀਆਂ/ਪੱਤੀਆਂ ਨਾਲ ਭਰਿਆ ਹੈ। ਮੈਂ ਸਵਰਗ ਤੋਂ ਇਹ ਸਾਰੀਆਂ ਪੰਖੜੀਆਂ ਮੰਗਵਾਈਆਂ ਨੇ। ਮਨ ਹੀ ਮਨ ਵਿਚ ਮੈਂ ਮੰਤਰ ਪੜ੍ਹਿਆ... ਅਤੇ ਲਓ, ਸਵਰਗ ਦੀਆਂ ਪਰੀਆਂ ਮੇਰੇ ਬੈਗ ਨੂੰ ਫੁੱਲਾਂ ਨਾਲ ਭਰ ਗਈਆਂ। ਜ਼ਰਾ ਸੁੰਘੋ। ਕੀ ਖ਼ੁਸ਼ਬੂ ਆ ਰਹੀ ਹੈ ? ਆਓ... ਆਓ...! ਸਵਰਗ ਤੋਂ ਆਈ ਇਸ ਮਹਿਕ ਦਾ ਆਨੰਦ ਲਓ। ਇਸ ਪ੍ਰਕਾਰ ਦੇ ਮੌਕੇ ਜੀਵਨ ਵਿਚ ਕਦੇ-ਕਦਾਈਂ ਹੀ ਆਉਂਦੇ ਨੇ।

**#ਧੁਨੀ ਪ੍ਰਭਾਵ... ਚਾਰੇ ਪਾਸੇ ਚੱਕਰ ਲਾ ਕੇ ਢੋਲ ਵਜਾਉਣਾ#**

**ਮਹੇਸ਼:** ਹਜ਼ੂਰ! ਲੋਕਾਈ ਸਭ ਜਾਣਦੀ ਹੈ। ਇੱਕੀਵੀਂ ਸਦੀ ਵਿਚ ਜੀ ਰਹੇ ਹਾਂ। ਸਭ ਪੜ੍ਹੇ-ਲਿਖੇ ਹਨ। ਇਨ੍ਹਾਂ ਨੂੰ ਮੂਰਖ ਨਹੀਂ ਬਣਾਇਆ ਜਾ ਸਕਦਾ। ਉਹ ਇਥੇ ਆਪਣੇ ਕਾਰਨਾਮੇ ਅਤੇ ਕਲਾ ਨੂੰ ਵੇਖਣ ਲਈ ਆਏ ਹਨ।

**ਰਾਮੂ:** ਇਹੀ ਤਾਂ ਕਲਾ ਹੈ ਤੇ ਇਹੀ ਹੈ ਜਾਦੂ ਜੋ ਹੈ ਹੱਥ ਦੀ ਸਫਾਈ !

**ਮਹੇਸ਼:** ਹਾਂ ਉਸਤਾਦ ਜੋ ਤੁਸੀਂ ਕਰ ਰਹੇ ਹੋ, ਉਹ ਵੀ ਸਹੀ ਹੈ।

**ਰਾਮੂ:** (ਹੱਸਦੇ ਹੋਏ) ਸੱਚਾਈ ਛੁਪ ਨਹੀਂ ਸਕਤੀ, ਬਣਾਵਟ ਕੇ ਅਸੂਲੋਂ ਸੇ

**ਮਹੇਸ਼:** ਖ਼ੁਸ਼ਬੂ ਆ ਨਹੀਂ ਸਕਤੀ ਕਾਗ਼ਜ਼ ਕੇ ਫੂਲੋਂ ਸੇ ...!

**##ਢੋਲ/ਡਮਰੂ/ਨਗਾੜੇ ਦਾ ਪ੍ਰਭਾਵ##**

ਬਾਸ, ਬੱਸ ਮੇਰੇ ਪਾਸ ਤਾਂ ਇਹੀ ਇਕ ਸੱਚਾਈ ਹੈ। ਮੈਂ ਤਾਂ ਉਸ ਦਿਨ ਦਾ ਇੰਤਜ਼ਾਰ ਕਰ ਰਿਹਾ ਹਾਂ, ਜਦੋਂ ਤੁਸੀਂ ਮੈਨੂੰ ਇਸ ਜਾਦੂ ਦੀ ਕਲਾ ਨਾਲ ਨਿਪੁੰਨ ਕਰ ਦਿਓਗੇ।

**ਮਹੇਸ਼:** ਤੂੰ ਹੀ ਤਾਂ ਕਿਹਾ ਸੀ – ਸਹਿਜ ਪੱਕੇ ਸੋ ਮਿੱਠਾ ਹੋਏ। ਧੀਰਜ ਰੱਖ। ਉਹ ਦਿਨ ਵੀ ਆਵੇਗਾ, ਜਦੋਂ ਤੂੰ ਇਸ ਕਲਾ ਵਿਚ ਨਿਪੁੰਨ ਹੋ ਜਾਵੇਗਾ, ਪਰ ਅੱਜ ਤੂੰ ਇਕ ਮਹੱਤਵਪੂਰਨ ਪ੍ਰਸ਼ਨ ਉਠਾਇਆ ਹੈ। ਸਵਰਗ ਦੀ ਖ਼ੁਸ਼ਬੂ... ਤੈਨੂੰ ਪਤਾ ਹੋਵੇਗਾ, ਸਾਡੀ ਇਸ ਧਰਤੀ ਮਾਤਾ ਨੇ ਐਥੇ ਹੀ ਸਵਰਗ ਵਰਗਾ ਸਭ ਕੁਝ ਦਿੱਤਾ ਹੈ।

**ਰਾਮੂ:** ਸਵਰਗ ਅਤੇ ਉਹ ਵੀ ਇਸ ਧਰਤੀ'ਤੇ? ਕੀ ਕਹਿ ਰਹੇ ਹੋ... ਮੈਨੂੰ ਤਾਂ ਕਿਤੇ ਵਿਖਾਈ ਨਹੀਂ ਦਿੰਦਾ।

**##ਧੁਨੀ ਪ੍ਰਭਾਵ##**

**ਮਹੇਸ਼:** ਹਾਂ, ਜੋ ਮੈਂ ਕਹਿ ਰਿਹਾ ਹਾਂ, ਉਹ ਇਕ ਸਚਾਈ ਹੈ। ਵੇਖੋ... ਵੇਖੋ... ਕਿੰਨਾ ਸੋਹਣਾ ਆਸਮਾਨ, ਠੰਢੀ ਹਵਾ, ਹਰੇ-ਭਰੇ ਰੁੱਖ, ਹਵਾ ਵਿਚ ਉਡਦੇ ਪੰਛੀ ਅਤੇ ਸਭ ਤੋਂ ਵੱਡੀ ਸੁੰਦਰਤਾ... ਭਾਂਤ-ਭਾਂਤ ਦੇ ਲੋਕ। ਇਹ ਕਿਉਂ ਹੈ, ਕਿਸ ਦੇ ਲਈ ਅਤੇ ਕਿਸ ਨੇ ਬਣਾਏ ਹਨ। ਕਦੀ ਸੋਚਿਆ?

**ਨਰੇਸ਼:** (ਦਰਸ਼ਕਾਂ ਦੀ ਭੀੜ ਵਿਚੋਂ) ਬਹੁਤ ਸੁੰਦਰ ! ਸੁੰਦਰ ਆਸਮਾਨ – ਦਿਨ ਵਿਚ ਸੂਰਜ ਅਤੇ ਰਾਤ ਨੂੰ ਚਮਕਦੇ ਤਾਰੇ, ਪੇੜ-ਪੌਦੇ ਤੇ ਜੀਵ-ਜੰਤੂਆਂ ਦਾ ਸੁੰਦਰ ਸੰਸਾਰ ! ਕਲ-ਕਲ ਵਹਿੰਦਾ ਪਾਣੀ ! ਇਹੀ ਤਾਂ ਹੈ ਸੁੰਦਰ ਸੰਸਾਰ ... ਪਰ...

**ਮਹੇਸ਼:** ਇਸ ਨੌਜਵਾਨ ਦੇ ਲਈ ਤਾੜੀਆਂ...

(ਸਾਰੇ ਤਾੜੀਆਂ ਮਾਰਦੇ ਹਨ)

**##ਤਾੜੀਆਂ ਦਾ ਧੁਨੀ ਪ੍ਰਭਾਵ##**

**ਮਹੇਸ਼:** ਹਾਂ ! ਨੌਜੁਆਨ ਜਰਾ ਦੱਸੀਂ , ਕੀ ਹੈ ਤੇਰਾ ਨਾਮ ?

**ਰਾਮੂ:** ਬਾਸ... ਇਹ ਪੜ੍ਹੇ-ਲਿਖੇ ਹੁਸ਼ਿਆਰ ਨੌਜਵਾਨ ਹਨ। ਕਾਸ਼ ਮੈਂ ਵੀ ਪੜ੍ਹ ਪਾਉਂਦਾ।

**ਮਹੇਸ਼:** ਜਮੂਰੇ! ਨਿਰਾਸ਼ ਨਾ ਹੋ। ਤੂੰ ਵੀ ਇਕ ਦਿਨ ਬਹੁਤ ਵੱਡਾ ਕਲਾਕਾਰ ਬਣੇ ਜਾਵੇਂਗਾ, ਬੱਸ ਰਿਆਜ਼ ਨਾ ਛੱਡ ਬਹੀਂ ਕਿਤੇ !

**ਨਰੇਸ਼:** ਹਾਂ ਰਾਮੂ! ਤੇਰਾ ਬਾਸ ਸਹੀ ਕਹਿ ਰਿਹਾ ਹੈ। ਸਿੱਖਿਆ ਦਾ ਦਾਇਰਾ ਬਹੁਤ ਵੱਡਾ ਹੈ। ਸਮਾਜ ਵਿਚ ਸਹੀ ਸੰਦੇਸ਼ ਦੇ ਕੇ, ਤੂੰ ਬਹੁਤ ਵੱਡਾ ਕੰਮ ਕਰ ਸਕਦਾ ਹੈਂ !

**ਮਹੇਸ਼:** ਹਾਂ ਬਾਬੂ! ਸਾਡੇ ਜਾਦੂ ਦੇ ਖੇਡਾਂ ਦੇ ਵੀ ਕੁਝ ਭਾਗ, ਇਸ ਤਰ੍ਹਾਂ ਦੇ ਸੰਦੇਸ਼ਾਂ ’ਤੇ ਕੇਂਦਰਿਤ ਹੁੰਦੇ ਹਨ। ਅਸੀਂ ਵੀ ਇਸੇ ਕੋਸ਼ਿਸ਼ ਵਿਚ ਹਾਂ ਕਿ ਸਮਾਜ ਵਿਚ ਸਹੀ ਸੰਦੇਸ਼ ਜਾਵੇ।

**ਰਾਮੂ:** ਮਾਈ ਲਾਰਡ, ਕੀ ਕਹਿ ਰਹੇ ਹੋ? ਹੱਥ ਕੰਗਣ ਨੂੰ ਆਰਸੀ ਕਿਆ ? (ਹੱਸਦਾ ਹੈ)

**ਨਰੇਸ਼:** ਤੁਹਾਡਾ ਇਹ ਛੋਟਾ ਕਲਾਕਾਰ ਬਹੁਤ ਹੁਸ਼ਿਆਰ ਹੈ। ਇਕ ਦਿਨ ਇਹ ਬਹੁਤ ਵੱਡਾ ਜਾਦੂਗਰ ਬਣੇਗਾ।

**ਮਹੇਸ਼:** (ਧੁਨੀ ਪ੍ਰਭਾਵ)... ਮੇਹਰਬਾਨੋ... ਕਦਰਦਾਨੋ! ਰਾਮੂ ਤਾਂ ਸਵਰਗ ਤੋਂ ਖ਼ੁਸ਼ਬੂ ਲੈ ਆਇਆ (ਹੱਸਦਾ ਹੈ) ਅੱਗੇ ਕੀ ਵੇਖਣਾ ਚਾਹੋਗੇ... ਸਵਰਗ ਦੇ ਪੰਛੀ... ਜਾਂ ਜਾਨਵਰ... ਜਾਂ... ਜਾਂ... ਫਿਰ ਏਲੀਅਨ...?

ਸਾਰੇ ਇਕ ਸੁਰ ਵਿੱਚ ......ਏਲੀਅਨ...

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਦੂਜਾ......**

**##ਧੁਨੀ ਪ੍ਰਭਾਵ##**

**ਰਾਮੂ:** ਹੈਂ ! ਏਲੀਅਨ ? ਨਹੀਂ ਮਾਲਿਕ...ਨਹੀਂ ! ਏਲੀਅਨ ਨਹੀਂ... ਮੈਨੂੰ ਤਾਂ ਡਰ ਲੱਗਦਾ ਹੈ। ਕੁਝ ਉਲਟਾ-ਪੁਲਟਾ ਨਾ ਹੋ ਜਾਵੇ ਕਿਤੇ !

**ਮਹੇਸ਼:** ਜਮੂਰੇ ਡਰ ਨਾ! ਇਹ ਸਭ ਤੇਰੀ ਸੁਰੱਖਿਆ ਲਈ ਤਿਆਰ ਹਨ। ਇਹ ਏਲੀਅਨ ਕਿਸੇ ਦੂਸਰੀ ਦੁਨੀਆ ਤੋਂ ਨਹੀਂ ਆਏ ਹਨ। ਇਹ ਉਹ ਅਦਭੁੱਤ ਜੀਵ ਹਨ, ਜੋ ਆਪਣੀ ਇਸ ਧਰਤੀ ’ਤੇ ਹੀ ਪਾਏ ਜਾਂਦੇ ਹਨ।

**ਰਾਮੂ:** ਹੈਂ ਉਸਤਾਦ ! ਇਹ ਜੀਵ ਆਪਣੀ ਇਸ ਧਰਤੀ ਦੇ ਹੀ ਨੇ ?

**##ਧੁਨੀ ਪ੍ਰਭਾਵ##**

**ਮਹੇਸ਼:** ਆਬਰਾ... ਦਾ ਡਾਬਰਾ... ਛੂ-ਮੰਤਰ... ਸਿਮ...ਸਿਮ ... ਆ ਜਾ...! ਮੇਰੇ ਮਾਲਿਕ! ਇਕ ਮਿੰਟ ਲਈ ਆਪਣੀਆ ਅੱਖਾਂ ਬੰਦ ਕਰੋਗੇ ? ਵੇਖੋ... ਵੇਖੋ... ਕਿੰਨਾ ਸੁੰਦਰ... ਅਦਭੁੱਤ ਜੀਵ... ਨਵੀਂ ਦੁਨੀਆ ਦਾ ਨਵਾਂ ਜੀਵ... ਇਹ ਜੀਵ ਦੱਖਣੀ ਧਰੁਵੀ ਪ੍ਰਦੇਸ਼ਾਂ ਤੋਂ ਚਲ ਕੇ ਆਇਆ ਹੈ। ਕੀ ਤੁਸੀਂ ਪਹਿਲਾਂ ਕਦੇ ਐਨਾ ਸੋਹਣਾ, ਸੁੰਦਰ... ਰੰਗ-ਬਿਰੰਗਾਂ ਕੱਛੂ ਵੇਖਿਆ ਹੈ ? ਕਦੇ ਨਹੀਂ.. ਕੀ ਕਾਰਨ ਰਹੇ, ਜਿਸ ਦੇ ਕਾਰਨ ਇਸ ਨੂੰ ਆਪਣਾ ਘਰ ਛੱਡਣਾ ਪਿਆ ? ਸੋਚ ਸਕਦੇ ਹੋ ?

**ਰਾਮੂ:** ਹਜ਼ੂਰ... ਮੈਂ ਤਾਂ ਪਹਿਲਾਂ ਕਦੇ ਅਜਿਹਾ ਜੀਵ ਨਹੀਂ ਵੇਖਿਆ। ਜ਼ਰੂਰ ਰਸਤਾ ਭਟਕ ਗਿਆ ਹੋਣਾ ! ਬੇਚਾਰਾ... ਆਪਣੇ ਪਰਿਵਾਰ ਤੋਂ ਵਿਛੜ ਗਿਆ।

**ਮਹੇਸ਼:** ਹਾਂ ਜਮੂਰੇ! ਘਰ ਤਾਂ ਘਰ ਹੀ ਹੁੰਦਾ ਹੈ। ਪਰ ਇਸਦੇ ਤਾਂ ਹੋਰ ਦੋਸਤ ਵੀ ਇਸਦੇ ਨਾਲ ਹਨ।

**ਰਾਮੂ:** ਹਜ਼ੂਰ... ਮੈਨੂੰ ਤਾਂ ਕੁਝ ਨਹੀਂ ਵਿਖਾਈ ਦੇ ਰਿਹਾ।

**ਮਹੇਸ਼:** ਇੰਤਜ਼ਾਰ... ਜਮੂਰੇ... ਇੰਤਜ਼ਾਰ!

**##ਧੁਨੀ ਪ੍ਰਭਾਵ-ਢੋਲ/ਡਮਰੂ/ਨਗਾੜੇ##**

**ਆਬਰਾ ਦਾ ਡਾਬਰਾ... ਛੂ-ਮੰਤਰ... ਆਬਰਾ ਦਾ ਡਾਬਰਾ... ਨਿਕਲ ਬਾਹਰ**

**##ਚਿੜੀਆਂ/ਪੰਛੀਆਂ ਦੇ ਉੱਡਣ ਅਤੇ ਚਹਿ-ਚਹਾਹਟ##**

(ਇਕ ਸੁਰ ਵਿਚ): ਹੇ ਭਗਵਾਨ... ਇਹ ਕੀ ? ਅਸੀਂ ਤਾਂ ਪਹਿਲਾਂ, ਕਦੇ ਇਹ ਪੰਛੀ ਨਹੀਂ ਵੇਖੇ...

**ਨਰੇਸ਼:** ਇਸ ਪ੍ਰਕਾਰ ਦੇ ਜੀਵ-ਜੰਤੂ ਤੇ ਪੰਛੀ ਗਰਮ ਇਲਾਕਿਆਂ ਵਿਚ ਨਹੀਂ ਸਨ ਪਾਏ ਜਾਂਦੇ। ਪਰ ਗਲੋਬਲ ਵਾਰਮਿੰਗ ਅਤੇ ਮੌਸਮ ਵਿਚ ਬਦਲਾਅ ਦੇ ਕਾਰਨ, ਇਹ ਜੀਵ ਆਪਣੇ ਘਰਾਂ ਨੂੰ ਛੱਡਣ ਲਈ ਮਜ਼ਬੂਰ ਹਨ। ਜਿਹੜੇ ਪੰਛੀ ਤੁਸੀਂ ਇਥੇ ਵੇਖ ਰਹੇ ਹੋ... ਇਹ ਪਹਿਲਾਂ ਪ੍ਰਸ਼ਾਂਤ ਮਹਾਂਸਾਗਰ ਦੇ ਕੁਝ ਟਾਪੂਆਂ 'ਤੇ ਹੀ ਪਾਏ ਜਾਂਦੇ ਸਨ। ਪਰ ਬਦਲਦੇ ਮੌਸਮ ਅਤੇ ਭੋਜਨ ਦੀ ਕਮੀ ਕਾਰਨ ਇਨ੍ਹਾਂ ਨੂੰ ਆਪਣੇ ਇਲਾਕਿਆਂ ਨੂੰ ਛੱਡਣਾ ਪਿਆ ਹੈ।

**ਰਾਮੂ:** ਵਾਹ ! ਉਸਤਾਦ ! ਬਹੁਤ ਅੱਛੀ ਜਾਣਕਾਰੀ... ਲੱਗਦਾ ਹੈ, ਸਰਵ-ਗਿਆਨੀ ਹੈ (ਹੱਸਦਾ ਹੈ)

**ਮਹੇਸ਼:** ਹਾਂ ਜਮੂਰੇ! ਮੈਂ ਤਾਂ ਕਲਪਨਾ ਹੀ ਕਰ ਸਕਦਾ ਹਾਂ, ਪਰ ਇਹ ਤਾਂ ਸਭ ਜਾਣਦਾ ਹੈ। ਲੱਗਦਾ ਹੈ ਕੋਈ ਵਿਗਿਆਨੀ ਹੈ। ਮੈਂ ਠੀਕ ਕਿਹਾ ਹੈ ਨਾ ਬਾਬੂ!

**ਨਰੇਸ਼:** ਹਾਂ ਮਹੇਸ਼, ਤੂੰ ਠੀਕ ਕਿਹਾ ਹੈ। ਮੈਂ ਇਕ ਖੋਜੀ ਵਿਦਿਆਰਥੀ ਹਾਂ, ਇਥੋਂ ਦੀ ਇਕ ਯੂਨੀਵਰਸਿਟੀ ਵਿਚ।

**(ਜਨ ਸਮੂਹ ਤੋਂ... ਖੋਜ...)**

**ਮਹੇਸ਼:** ਮੇਹਰਬਾਨੋ...... ਕਦਰਦਾਨੋ... ਮੈਂ ਇਹ ਤਾਂ ਨਹੀਂ ਦੱਸ ਸਕਦਾ ਕਿ ਇਨ੍ਹਾਂ ਜੀਵਾਂ ਨੂੰ ਆਪਣਾ ਘਰ ਕਿਉਂ ਛੱਡਣਾ ਪਿਆ ! ਕਰੀਬ ਤਿੰਨ ਦਹਾਕੇ ਪਹਿਲਾਂ ਤੱਕ ਤਾਂ ਇਹ ਪੰਛੀ ਜਾਂ ਸਮੁੰਦਰੀ ਜਾਨਵਰ ਇਥੇ ਨਹੀਂ ਸਨ ਹੁੰਦੇ । ਪਰ ਹੁਣ ਪੌਦਿਆਂ ਅਤੇ ਜਾਨਵਰਾਂ ਦੀਆਂ ਇਹ ਨਵੀਂਆਂ ਕਿਸਮਾਂ ਤੁਹਾਨੂੰ ਇਧਰ -ਉਧਰ ਕਈ ਪਾਸੇ ਸਹਿਜੇ ਹੀ ਦਿਸ ਜਾਣਗੀਆਂ !

**ਨਰੇਸ਼:** ਪਰ ਇਹ ਵੇਖਣ ਦੀ ਜ਼ਰੂਰਤ ਤਾਂ ਹੈ ਹੀ ਕਿ ਆਖਿਰ ਅਜਿਹਾ ਵਰਤਾਰਾ ਵਾਪਰ ਹੀ ਕਿਉਂ ਰਿਹਾ ਹੈ। ਪਿਛਲੇ ਵਖਤਾਂ ਵਿੱਚ ਕੁਝ ਪੇੜ-ਪੌਦੇ ਤੇ ਜੀਵ-ਜੰਤੂ ਸਾਡੇ ਇਲਾਕਿਆਂ ਵਿਚ ਆਮ ਹੀ ਹੁੰਦੇ ਸਨ - ਅੱਜ ਉਹ ਗਾਇਬ ਹੁੰਦੇ ਜਾ ਰਹੇ ਹਨ।

**ਰਾਮੂ:** (ਦੁਖੀ ਸੁਰ ਵਿਚ) ਗਾਇਬ ਹੋ ਰਹੇ ਹਨ... ਉਹ ਕਿਥੇ ਚਲੇ ਗਏ... ਉਨ੍ਹਾਂ ਦੇ ਇਥੋਂ ਚਲੇ ਜਾਣ ਦਾ ਕੀ ਕਾਰਨ ਹੈ?

**ਮਹੇਸ਼:** ਜਮੂਰੇ! ਆਪਣੀ ਜਾਦੂ ਦੀ ਘੜੀ ਵਾਂਗ, ਇਸ ਦਾ ਕਾਰਨ ਵੀ ਤਾਂ ਵਿਗਿਆਨੀ ਬਾਬੂ ਹੀ ਜਾਣਦੇ ਹਨ।

**ਨਰੇਸ਼:** ਹੁਣ ਇਹ ਕੋਈ ਭੇਦ ਨਹੀਂ ਰਹਿ ਗਿਆ । ਵਿਗਿਆਨੀਆਂ ਨੇ ਇਸ ਦਾ ਕਾਰਨ ਜਾਣ ਲਿਆ ਹੈ।

**ਰਾਮੂ:** ਬਾਬੂ... ਸਾਨੂੰ ਖ਼ੁਸ਼ੀ ਹੋਵੇਗੀ... ਜੇਕਰ ਤੁਸੀਂ ਸਾਨੂੰ ਇਹ ਕਾਰਨ ਦੱਸ ਸਕੋ ਤਾਂ।

**ਮਹੇਸ਼:** ਹਾਂ ਵਿਗਿਆਨੀ ਬਾਬੂ। ਅਸੀਂ ਸਭ ਜਾਨਣਾ ਚਾਹਾਂਗੇ।

**ਨਰੇਸ਼:** ਦੋਸਤੋ! ਇਹ ਇਕ ਗੁੰਝਲਦਾਰ ਵਿਸ਼ਾ ਹੈ। ਤੁਹਾਨੂੰ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਸਾਡੇ ਕਾਲਜ ਵਿਚ ਇਸ ਵਿਸ਼ੇ ਦੇ ਮਾਹਰ ਪ੍ਰ. ਕ੍ਰਿਸ਼ਨਾ ਇਕ ਖੁਲ੍ਹੀ ਚਰਚਾ ਕਰਨਗੇ।

**ਰਾਮੂ:** ਕੀ ਅਸੀਂ ਵੀ ਉਥੇ ਆ ਸਕਦੇ ਹਾਂ?

**ਨਰੇਸ਼:** ਇਹ ਇੱਕ ਜਨਤਕ ਮੁੱਦਾ ਹੈ, ਇਸ ਲਈ ਇਸ ਚਰਚਾ ਵਿੱਚ ਸਭ ਨੂੰ ਖੁੱਲ੍ਹਾ ਸੱਦਾ ਹੈ, ਸਾਰੇ ਚਰਚਾ ਵਿਚ ਭਾਗ ਲੈ ਸਕਦੇ ਹਨ, ਆਪਣੇ ਅਨੁਭਵ ਤੇ ਵਿਚਾਰ ਸਾਂਝੇ ਕਰ ਸਕਦੇ ਹਨ। ਇਨ੍ਹਾਂ ਪਰਿਵਰਤਨਾਂ ਨੂੰ ਜਾਨਣ ਅਤੇ ਸਮਝਣ ਲਈ - ਇਹ ਚਰਚਾ ਢੁਕਵੀਂ ਹੋਵੇਗੀ।

**ਇਕ ਸੁਰ ਵਿਚ:** ਅਸੀਂ ਵੀ ਇਸ ਵਿਚ ਭਾਗ ਲਵਾਂਗੇ... ਭਾਊ...!

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਤੀਜਾ**......

(ਸਵੇਰ ਦਾ ਸਮਾਂ। ਵਿਦਿਆਰਥੀਆਂ ਦਾ ਬਰਾਮਦੇ ਦੇ ਰਸਤੇ ਵਿਚ ਆਉਣਾ-ਜਾਣਾ। ਨੇਹਾ ਅਤੇ ਨਰੇਸ਼ ਪ੍ਰਯੋਗਸ਼ਾਲਾ ਵਿਚ ਕੰਮ ਕਰਦੇ ਹੋਏ...)

**ਪ੍ਰੋ. ਕ੍ਰਿਸ਼ਨਾ:** (ਅੰਦਰ ਆਉਂਦੇ ਹੋਏ) ਸ਼ੁੱਭ ਪ੍ਰਭਾਤ... ਨਮਸਕਾਰ! ਖੋਜ ਦੇ ਕੰਮ ਦੀ ਕੀ ਪ੍ਰਗਤੀ ਹੈ ? ਪਿਛਲੇ ਮਹੀਨੇ ਵਾਲਾ ਡਿਜ਼ਾਈਨ ਕੀਤਾ ਪ੍ਰਯੋਗ ਕਿਥੇ ਤਕ ਪਹੁੰਚਿਆ ਹੈ ?

**ਨੇਹਾ:** ਸਰ! ਸਭ ਕੁਝ ਯੋਜਨਾ ਦੇ ਅਨੁਸਾਰ ਚਲ ਰਿਹਾ ਹੈ। ਅੰਕੜਿਆਂ ਨਾਲ ਸਬੰਧਿਤ ਕੰਮ ਪੂਰਾ ਹੋ ਚੁਕਿਆ ਹੈ। ਹੁਣ ਤੱਕ ਦੇ ਕੰਮ ਤੋਂ ਸਪਸ਼ਟ ਹੈ ਕਿ ਗਲੋਬਲ ਵਾਰਮਿੰਗ ਦੇ ਕਾਰਨ ਜੀਵ-ਜੰਤੂਆਂ ਅਤੇ ਪੌਦਿਆਂ ਦੀਆਂ ਪ੍ਰਜਾਤੀਆਂ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਕੁਝ ਠੋਸ ਨਿਰਣਿਆਂ 'ਤੇ ਆਪਾਂ ਪਹੁੰਚ ਸਕਾਂਗੇ।

**ਨਰੇਸ਼:** ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਅਸੀਂ ਕਹਿ ਸਕਦੇ ਹਾਂ ਕਿ ਸਾਰੀ ਦੀ ਸਾਰੀ ਵਾਤਾਵਰਨ ਪ੍ਰਣਾਲੀ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਰਹੀ ਹੈ। ਆਉਣ ਵਾਲੀ ਸਦੀ ਵਿਚ ਸਾਰੇ ਦੇ ਸਾਰੇ ਵਾਤਾਵਰਣੀ ਤੰਤਰ ਵਿੱਚ ਵੱਡੇ ਬਦਲਾਅ ਆ ਜਾਣਗੇ ਅਤੇ ਸਾਨੂੰ ਅਣਕਿਆਸੀਆਂ ਸਥਿਤੀਆਂ ਦਰਪੇਸ਼ ਹੋਣਗੀਆਂ, ਜੇਕਰ ਵਰਤਮਾਨ ਪਰਿਸਥਿਤੀਆਂ ਅਗਲੇ 50 ਸਾਲਾਂ ਤਕ ਇੰਝ ਹੀ ਬਣੀਆਂ ਰਹੀਆਂ।

**ਨੇਹਾ:** ਸਰ... ਪ੍ਰਯੋਗਸ਼ਾਲਾ ਵਿਚ ਅਸੀਂ ਵਾਸਤਵਿਕ ਪਰਿਸਥਿਤਿਕ ਤੰਤਰ ਨੂੰ ਧਿਆਨ ਵਿਚ ਰੱਖ ਕੇ ਕੰਮ ਕਰਦੇ ਹਾਂ। ਸਾਡੇ ਨੇਤਾ, ਨੀਤੀ ਨਿਰਧਾਰਕ ਕੀ ਸੋਚਦੇ ਅਤੇ ਕਰਦੇ ਹਨ... ਉਹ ਇਸ ਤੋਂ ਭਿੰਨ ਹੈ। ਭਵਿੱਖ ਵਿਚ ਆਉਣ ਵਾਲੀਆਂ ਪੀੜ੍ਹੀਆਂ 'ਤੇ ਕਿਸ ਪ੍ਰਕਾਰ ਇਸ ਦਾ ਪ੍ਰਭਾਵ ਪੈ ਸਕਦਾ ਹੈ, ਇਸ ਉਪਰ ਅਜੇ ਕੋਈ ਬਹੁਤਾ ਧਿਆਨ ਨਹੀਂ ਦੇ ਰਿਹਾ !

**ਪ੍ਰੋ. ਕ੍ਰਿਸ਼ਨਾ:** ਨੇਹਾ ਤੂੰ ਠੀਕ ਕਹਿ ਰਹੀ ਹੈਂ। ਇਹੀ ਸਾਡੀ ਸਮੱਸਿਆ ਹੈ। ਅਸੀਂ ਹੀ ਇਸ ਨੂੰ ਪੈਦਾ ਕੀਤਾ ਹੈ। ਇਸ ਲਈ ਹੱਲ ਵੀ ਸਾਨੂੰ ਹੀ ਲੱਭਣੇ ਪੈਣਗੇ। ਜੇਕਰ ਅਸੀਂ ਅਸਫਲ ਹੁੰਦੇ ਹਾਂ ਤਾਂ ਪ੍ਰਕਿਰਤੀ ਆਪਣਾ ਸਮਾਧਾਨ ਆਪੇ ਤਲਾਸ਼ ਲਏਗੀ।

**ਨਰੇਸ਼:** ਨੀਤੀਆਂ ਤਾਂ ਆਮ ਤੌਰ 'ਤੇ ਉਹ ਬਣਾਉਂਦੇ ਹਨ ਜਿਨ੍ਹਾਂ ਨੂੰ ਕਈ ਵਾਰ ਸਾਰੇ ਪੱਖਾਂ ਦਾ ਵਿਵਹਾਰਿਕ ਗਿਆਨ ਨਹੀਂ ਹੁੰਦਾ। ਕੀ ਦੂਜੀਆਂ ਖੋਜ-ਰਿਪੋਰਟਾਂ ਦੀ ਤਰ੍ਹਾਂ, ਆਪਣੀ ਖੋਜ ਵੀ ਅਲਮਾਰੀਆਂ ਵਿਚ ਹੀ ਸਿਮਟ ਕੇ ਤਾਂ ਨਹੀਂ ਰਹਿ ਜਾਵੇਗੀ ?

**ਨੇਹਾ:** ਨਰੇਸ਼ ਕੀ ਤੂੰ ਸਾਡੀ ਆਉਣ ਵਾਲੀ ਰਿਪੋਰਟ ਦੇ ਅੰਤਮ ਬਿੰਦੂਆਂ ਬਾਬਤ ਗੱਲ ਕਰ ਰਿਹਾ ਹੈਂ ?

**ਨਰੇਸ਼:** ਨਹੀਂ ਨੇਹਾ ! ਮੈਂ ਤਾਂ ਅਗਲੇ ਮੰਗਲਵਾਰ ਨੂੰ ਸਾਡੇ ਆਉਣ ਵਾਲੇ ਖੁਲ੍ਹੇ ਸ਼ੈਸ਼ਨ ਦੀ ਗੱਲ ਕਰ ਰਿਹਾ ਹਾਂ !

**ਪ੍ਰੋ. ਕ੍ਰਿਸ਼ਨਾ:** ਨੇਹਾ ਕੀ ਤੁਸੀਂ ਇਸ ਦੀ ਸੂਚਨਾ ਸਭ ਨੂੰ ਦੇ ਦਿੱਤੀ ਸੀ?

**ਨੇਹਾ:** ਹਾਂ ਸਰ, ਤੁਹਾਨੂੰ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਨਰੇਸ਼ ਨੇ ਕੁਝ ਕਲਾਕਾਰਾਂ ਨੂੰ ਅਤੇ ਇੱਕ ਮਦਾਰੀ ਨੂੰ ਵੀ ਸੱਦਾ ਦਿੱਤਾ ਹੈ।

**ਪ੍ਰੋ. ਕ੍ਰਿਸ਼ਨਾ:** ਅਤਿ ਸੁੰਦਰ......

**ਨਰੇਸ਼:** ਸਰ, ਸਵੇਰ 11:00 ਵਜੇ ਤਕ ਸਾਰੀਆਂ ਤਿਆਰੀਆਂ ਪੂਰੀਆਂ ਹੋ ਜਾਣਗੀਆਂ।

**ਪ੍ਰੋ. ਕ੍ਰਿਸ਼ਨਾ:** ਮੈਂ ਇਕ ਮੀਟਿੰਗ ਲਈ ਜਾਣਾ ਹੈ। ਇਹ ਆਪਣੀ ਨਵੀਂ ਖੋਜ ਯੋਜਨਾ ਨਾਲ ਸਬੰਧਿਤ ਹੈ। ਓ.ਕੇ. ਬਾਏ... **ਸ਼ੁਭ ਦਿਨ**...

ਨੇਹਾ-ਨਰੇਸ਼: ਬਾਏ... ਬਾਏ... ਸਰ...

**######ਧੁਨੀ ਪ੍ਰਭਾਵ######**

......ਦ੍ਰਿਸ਼ ਬਦਲਾਅ ਸੰਗੀਤ......

......ਦ੍ਰਿਸ਼ ਚੌਥਾ......

(ਸਵੇਰ ਦਾ ਸਮਾਂ, ਪੰਛੀਆਂ ਦੀ ਚਹਿਚਹਾਟ... ਆਮ ਲੋਕਾਂ ਦਾ ਸ਼ੋਰ... ਮਾਈਕ ਧੁਨੀ ਪ੍ਰਭਾਵ)

**ਨੇਹਾ:** ਨਮਸਕਾਰ! ਤੁਹਾਡਾ ਸਾਰਿਆਂ ਦਾ ਸਵਾਗਤ ਹੈ। ਤੁਸੀਂ .............. ਮਹੇਸ਼ ਅਤੇ ਇਹ ਹਨ ਛੋਟੇ ਕਲਾਕਾਰ...। ਮਤਲਬ... ਜਮੂਰਾ (ਹੱਸਦੇ ਹੋਏ)

**ਮਹੇਸ਼:** ਨਮਸਤੇ ਮੈਡਮ! ਤੁਸੀਂ ਸਹੀ ਪਹਿਚਾਣਿਆ ਹੈ। ਸਕੌਲਰ ਤਾਂ ਕਦੀ ਗਲਤ ਹੋ ਹੀ ਨਹੀਂ ਸਕਦੇ (ਹੱਸਦੇ ਹੋਏ), ਅਸੀਂ ਸਮੇਂ 'ਤੇ ਹਾਂ।

**ਨੇਹਾ:** (ਹੱਸਦੇ ਹੋਏ) ਮਹੇਸ਼... ਤੇਰਾ ਜਾਦੂ ਤਾਂ ਹਰ ਜਗ੍ਹਾ ਕੰਮ ਕਰਦਾ ਹੈ। ਘੜੀ ਦੀਆਂ ਸੂਈਆਂ ਇਸ ਨਾਲ ਹੀ ਨਿਯੰਤਰਿਤ ਹੁੰਦੀਆਂ ਹਨ। ਰਾਮੂ, ਤੂੰ ਕਿਵੇਂ ਹੈ? ਕੀ ਹੈ ਹਾਲ ਤੇਰਾ ? ਨਰੇਸ਼ ਦੱਸ ਰਿਹਾ ਸੀ ਕਿ ਤੂੰ ਵਿਗਿਆਨੀ ਬਣਨਾ ਚਾਹੁੰਦਾ ਸੀ। ਕੋਈ ਚਿੰਤਾ ਨਹੀਂ। ਇਕ ਅੱਛਾ ਕਲਾਕਾਰ ਵੀ ਵਿਗਿਆਨੀ ਤੋਂ ਘੱਟ ਨਹੀਂ ਹੁੰਦਾ। ਤੇਰੀ ਕਲਾ ਅਤੇ ਜਾਦੂ ਲੋਕਾਂ ਨੂੰ ਕੁਝ ਨਵਾਂ ਕਰਨ ਲਈ ਪ੍ਰੇਰਿਤ ਕਰਦੇ ਹਨ।

**ਰਾਮੂ:** ਮੈਡਮ... ਮੈਂ ਆਪਣੇ ਕੰਮ ਤੋਂ ਸੰਤੁਸ਼ਟ ਹਾਂ। ਇਕ ਦਿਨ ਮੈਂ ਜ਼ਰੂਰ ਵੱਡਾ ਜਾਦੂਗਰ ਬਣਾਂਗਾ। ਇਸ ਵਿਚ ਕੋਈ ਸ਼ੱਕ ਨਹੀਂ।

**ਨਰੇਸ਼:** ਵਾਹ! ਕਿੰਨਾ ਆਤਮ ਵਿਸ਼ਵਾਸ ਹੈ ? ਜ਼ਰੂਰ ਤੂੰ ਇਕ ਵੱਡਾ ਜਾਦੂਗਰ ਬਣੇਂਗਾ। ਅਗਲੇ ਕੁਝ ਪਲਾਂ ਵਿਚ ਪ੍ਰੋਗਰਾਮ ਸ਼ੁਰੂ ਹੋਣ ਵਾਲਾ ਹੈ।

**ਤੁਸੀਂ ਚਲ ਕੇ ਆਪਣੀਆਂ ਸੀਟਾਂ 'ਤੇ ਬੈਠ ਜਾਓ।**

**##ਧੁਨੀ ਪ੍ਰਭਾਵ... ਮਾਈਕ##**

**ਨਰੇਸ਼:** ਹੈਲੋ-ਹੈਲੋ! ਮੇਰੀ ਅਵਾਜ਼ ਆ ਰਹੀ ਹੈ? ਅੱਜ ਦੇ ਵਿਸ਼ੇ ਬਾਰੇ ਵਿਚ ਤੁਹਾਨੂੰ ਪਤਾ ਹੀ ਹੈ। ਇਸ ਖੁੱਲ੍ਹੇ ਸੈਸ਼ਨ ਵਿਚ ਗਲੋਬਲ ਵਾਰਮਿੰਗ, ਮੌਸਮ ਵਿਚ ਬਦਲਾਅ, ਜੀਵ-ਜੰਤੂ ਅਤੇ ਬਨਸਪਤੀਆਂ ਦੇ ਪਸਾਰੇ ਦੇ ਸਥਾਨਾਂ ਵਿਚ ਬਦਲਾਅ ਵਰਗੇ ਮੁੱਦਿਆਂ 'ਤੇ ਚਰਚਾ ਹੋਵੇਗੀ।

**##(ਧੁਨੀ ਪ੍ਰਭਾਵ ਮਹਿਮਾਨਾਂ ਦਾ ਆਉਣਾ)##**

**ਮਹੇਸ਼:** ਮੈਂ ਨੇਹਾ ਨੂੰ ਬੇਨਤੀ ਕਰਦਾ ਹਾਂ ਕਿ ਉਹ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਨਾਲ ਸਵਾਗਤ ਕਰੇ।

**##ਤਾੜੀਆਂ ਦਾ ਧੁਨੀ ਪ੍ਰਭਾਵ##**

**ਨੇਹਾ:** ਨਮਸਕਾਰ! ਤੁਹਾਡਾ ਸਵਾਗਤ ਹੈ! ਇਸ ਤੋਂ ਪਹਿਲਾਂ ਕਿ ਮੈਂ ਪ੍ਰੋ. ਕ੍ਰਿਸ਼ਨਾ ਨੂੰ ਸੱਦਾ ਦਿਆਂ, ਤੁਹਾਨੂੰ ਦੱਸਣਾ ਚਾਹਾਂਗੀ ਕਿ ਉਹ ਪ੍ਰਸਿੱਧ ਅੰਤਰਰਾਸ਼ਟਰੀ ਪੁਰਸਕਾਰਾਂ ਨਾਲ ਨਿਵਾਜੇ ਜਾ ਚੁਕੇ ਹਨ ਅਤੇ ਭਾਰਤੀ ਰਾਸ਼ਟਰੀ ਵਿਗਿਆਨ ਅਕਾਦਮੀ ਦੇ ਮੈਂਬਰ ਵੀ ਹਨ। ਪ੍ਰੋ. ਕ੍ਰਿਸ਼ਨਾ ਨੂੰ ਮੈਂ ਮੁੱਖ ਵਕਤਾ ਵਜੋਂ ਸੱਦਾ ਦਿੰਦੀ ਹਾਂ।

**##ਧੁਨੀ ਪ੍ਰਭਾਵ##**

**ਪ੍ਰੋ. ਕ੍ਰਿਸ਼ਨਾ:** ਨੇਹਾ ! ਐਨੀ ਵਧੀਆ ਜਾਣ ਪਛਾਣ ਕਰਾਉਣ ਲਈ ਧੰਨਵਾਦ। ਇਥੇ ਮੈਂ ਮਿਸਟਰ ਨਰੇਸ਼ ਦਾ ਵੀ, ਇਸ ਆਯੋਜਨ ਦੇ ਲਈ ਧੰਨਵਾਦ ਕਰਨਾ ਚਾਹਾਂਗਾ। ਸਾਡੇ ਅਧਿਆਪਕ ਸਾਹਿਬਾਨ ਅਤੇ ਡੀਨ, ਵਿਦਿਆਰਥੀ ਭਲਾਈ ਇਥੇ ਹਾਜ਼ਰ ਹਨ। ਇਸ ਦੇ ਲਈ ਮੇਰਾ ਉਨ੍ਹਾਂ ਨੂੰ ਪ੍ਰਣਾਮ !

ਅੱਜ ਦਾ ਵਿਸ਼ਾ ਵੀ ਮੇਰੇ ਖੋਜੀ-ਵਿਦਿਆਰਥੀਆਂ ਦੁਆਰਾ ਹੀ ਸੁਝਾਇਆ ਗਿਆ ਸੀ। **"ਬਨਸਪਤੀ ਅਤੇ ਜੀਵ-ਜੰਤੂਆਂ ਦਾ ਵਿਸਥਾਪਨ"** ਵਿਸ਼ਾ ਕੁਝ ਅਟਪਟਾ ਜ਼ਰੂਰ ਲੱਗਦਾ ਹੈ, ਪਰ ਅੱਜ ਦੇ ਸੰਦਰਭ ਵਿਚ ਬਹੁਤ ਮਹੱਤਵਪੂਰਨ ਹੈ।ਜੇਕਰ ਵਰਤਮਾਨ ਪਰਿਸਥਿਤੀਆਂ ਜਾਰੀ ਰਹੀਆਂ ਤਾਂ ਇਕ ਦਿਨ ਇਹ ਸਮੱਸਿਆ ਬਹੁਤ ਗੰਭੀਰ ਹੋ ਸਕਦੀ ਹੈ।

**ਰਾਮੂ:** ਸਰ ਬਹੁਤ ਮਹਤਵਪੂਰਨ ! ਪਰ ਕਿਉਂ ?

**ਮਹੇਸ਼:** ਸਰ ਇਹ ਸਮੱਸਿਆ ਗੰਭੀਰ ਕਿਵੇਂ ਹੋ ਜਾਵੇਗੀ ?

**ਪ੍ਰੋ. ਕ੍ਰਿਸ਼ਨਾ:** ਇਸ ਸਦੀ ਦੇ ਅੰਤ ਤਕ, ਇਹ ਨਿਯੰਤਰਨ ਤੋਂ ਬਾਹਰੀ ਸਮੱਸਿਆ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਵੇਗੀ। ਵਿਗਿਆਨੀਆਂ ਨੇ ਭੌਤਿਕ ਪਰਿਸਥਿਤੀਆਂ ਦਾ ਅਧਿਐਨ ਕੀਤਾ ਹੈ ਅਤੇ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਧਰੁਵਾਂ ਦੀ ਬਰਫ਼ ਦਾ ਪਿਘਲਣਾ, ਸਮੁੰਦਰਾਂ ਦੇ ਜਲ-ਪੱਧਰ ਵਿਚ ਵਾਧਾ ਅਤੇ ਹਨੇਰੀ-ਤੂਫਾਨ ਵਰਗੀਆਂ ਸਮੱਸਿਆਵਾਂ ਹੋਰ ਵਿਕਰਾਲ ਹੁੰਦੀਆਂ ਜਾਣਗੀਆਂ।

**ਰਾਮੂ:** ਪਰ ਸਰ ਵਿਗਿਆਨੀ ਇਨ੍ਹਾਂ ਸਿੱਟਿਆਂ 'ਤੇ ਕਿਨ੍ਹਾਂ ਯਤਨਾਂ ਰਾਹੀਂ ਪਹੁੰਚੇ ?

**ਪ੍ਰੋ. ਕ੍ਰਿਸ਼ਨਾ:** ਮੌਸਮ ਨਾਲ ਸਬੰਧਿਤ ਤਿਆਰ ਖੋਜ-ਮਾਡਲਾਂ ਦੇ ਅਧਿਐਨ ਨਾਲ ਵਿਗਿਆਨੀਆਂ ਨੇ ਸਿੱਟਾ ਕੱਢਿਆ ਹੈ ਕਿ ਰੇਗਿਸਤਾਨ ਅਤੇ ਸੋਕੇ ਦੀਆਂ ਸਮੱਸਿਆਵਾਂ ਵਧਣਗੀਆਂ। ਬਦਲਦੀਆਂ ਪਰਿਸਥਿਤੀਆਂ ਦੇ ਕਾਰਨ ਜੀਵ-ਜੰਤੂ ਅਤੇ ਪੇੜ-ਪੌਦੇ ਜਿਉਂਦੇ ਰਹਿਣ ਲਈ ਨਵੇਂ ਸਥਾਨਾਂ ਦੀ ਤਲਾਸ਼ ਕਰਨਗੇ। ਇਸ ਦਾ ਸਭ ਤੋਂ ਸੁੰਦਰ ਉਦਾਹਰਣ ਹੈ, ਕਨੈਡਾ ਵਿਚ ਪਾਏ ਜਾਣ ਵਾਲੇ ਲਾਇਨਕਸ ਦਾ !

**ਮਹੇਸ਼:** ਸਰ ! ਲਾਇਨਕਸ ਦਾ ਉਦਹਾਰਣ ! ਜਰਾ ਵਿਸਤਾਰ ਨਾਲ ਸਮਝਾਓ !

**ਪ੍ਰੋ. ਕ੍ਰਿਸ਼ਨਾ:** ਖਰਗੋਸ਼ ਦੀ ਇੱਕ ਵਿਸ਼ੇਸ਼ ਪ੍ਰਜਾਤੀ ਹੈ ਲਾਇਨਕਸ ਦਾ ਖਾਜਾ ! ਖਰਗੋਸ਼ ਦੀ ਉਹ ਪ੍ਰਜਾਤੀ 2.5 ਡਿਗਰੀ ਸੈਲਸੀਅਸ ਤੋਂ 4.5 ਡਿਗਰੀ ਸੈਲਸੀਅਸ ਤਕ ਤਾਪਮਾਨ ਵਧਣ ਦੇ ਕਾਰਨ ਆਪਣੇ ਮੂਲ ਸਥਾਨਾਂ ਤੋਂ ਉਤਰ ਵੱਲ ਉੱਤਰੀ ਧਰੁਵੀ (ਆਰਕਟਿਕ) ਦੇ ਵੱਲ ਚਲੀ ਜਾਵੇਗੀ। ਨਤੀਜਾ ਲਾਇਨਕਸ ਦਾ ਉਤਰ ਵੱਲ ਵਿਸਥਾਪਨ।

**ਰਾਮੂ:** ਸਰ ਇਸ ਮਾਮਲੇ ਵਿੱਚ ਕੀ ਕੋਈ ਹੋਰ ਖੋਜ ਮਾਡਲ ਵੀ ਤਿਆਰ ਕੀਤਾ ਹੈ ਵਿਗਿਆਨੀਆਂ ਨੇ ?

**ਪ੍ਰੋ. ਕ੍ਰਿਸ਼ਨਾ:** ਹਾਂ ! ਇਕ ਦੂਸਰੇ ਖੋਜ-ਮਾਡਲ ਤੋਂ ਪਤਾ ਚਲਿਆ ਹੈ ਕਿ ਵਰਖਾ ਦੀ ਕਮੀ ਦੇ ਕਾਰਨ ਪੌਦਿਆਂ ਦੀ ਹਰਿਆਲੀ ਘੱਟ ਹੁੰਦੀ ਜਾਵੇਗੀ ਅਤੇ ਘਾਹ ਦੇ ਮੈਦਾਨਾਂ ਦਾ ਖੇਤਰਫਲ ਵਧਦਾ ਚਲਿਆ ਜਾਵੇਗਾ। ਇਸ ਨਾਲ ਵੀ ਕਈ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਪੰਛੀ ਉਚਾਈ ਵਾਲੇ ਖੇਤਰਾਂ ਵੱਲ ਚਲੇ ਜਾਣਗੇ, ਪਰ ਤਿਤਲੀਆਂ ਦੀਆਂ ਪ੍ਰਜਾਤੀਆਂ ਅਤੇ ਚੀਲ ਦੇ ਦਰਖਤ, ਨੀਚੇ ਵਾਲੇ ਸਥਾਨਾਂ ਵੱਲ ਜਾਂਦੇ ਦਿਸਦੇ ਹਨ।

**ਨੇਹਾ:** ਪ੍ਰੋ. ਸਾਹਿਬ, ਮੇਰੇ ਮਨ ਵਿਚ ਇਕ ਪ੍ਰਸ਼ਨ ਉੱਠ ਰਿਹਾ ਹੈ। ਸਾਰੇ ਪੇੜ-ਪੌਦੇ ਅਤੇ ਜੀਵ-ਜੰਤੂ, ਅਨੁਕੂਲ ਪਰਿਸਥਿਤਿਕ ਤੰਤਰ ਵਿਚ ਵਧਦੇ-ਫੁੱਲਦੇ ਹਨ। ਕਿਸੇ ਖੇਤਰ ਦੇ ਮੌਸਮ ਵਿਚ ਬਦਲਾਅ, ਉਥੇ ਪਾਈਆਂ ਜਾਣ ਵਾਲੀਆਂ ਪ੍ਰਜਾਤੀਆਂ ਦੇ ਸਰੂਪ ਨੂੰ ਵੀ ਬਦਲ ਦਿੰਦਾ ਹੈ। ਜੇਕਰ ਅਜਿਹੀਆਂ ਹੀ ਪਰਿਸਥਿਤੀਆਂ ਰਹੀਆਂ ਤਾਂ ਭਵਿੱਖ ਵਿਚ ਕੀ ਹੋਵੇਗਾ?

**ਪ੍ਰੋ. ਕ੍ਰਿਸ਼ਨਾ:** ਨੇਹਾ, ਜਿਵੇਂ-ਜਿਵੇਂ ਧਰਤੀ ਗਰਮ ਹੁੰਦੀ ਹੈ, ਠੰਡੇ ਪ੍ਰਦੇਸ਼ਾਂ ਵਿਚ ਰਹਿਣ ਵਾਲੀਆਂ ਪ੍ਰਜਾਤੀਆਂ, ਪਹਾੜਾਂ ਵੱਲ ਅਤੇ ਉੱਤਰੀ ਧਰੁਵੀ (ਆਰਕਟਿਕ) ) ਖੇਤਰਾਂ ਵੱਲ ਵਿਸਥਾਪਿਤ ਹੋਣ ਲੱਗਣਗੀਆਂ।

**ਮਹੇਸ਼:** ਸਰ! ਧਰਤੀ ਦੀ ਇਸ ਗਰਮੀ ਨਾਲ ਇਨ੍ਹਾਂ ਪ੍ਰਜਾਤੀਆਂ ਨਾਲ ਹੋਰ ਕੀ ਭਾਣਾ ਵਰਤ ਸਲਦਾ ਹੈ ?

**ਪ੍ਰੋ. ਕ੍ਰਿਸ਼ਨਾ:** ਜੇਕਰ ਧਰਤੀ ਇਸੇ ਪ੍ਰਕਾਰ ਗਰਮ ਹੁੰਦੀ ਰਹੀ ਤਾਂ, ਅਗਲੇ 100 ਸਾਲਾਂ ਵਿਚ ਇਕ ਚੌਥਾਈ, ਪੇੜ-ਪੌਦੇ ਅਤੇ ਜੀਵ-ਜੰਤੂਆਂ ਦੀਆਂ ਪ੍ਰਜਾਤੀਆਂ ਵਿਲੋਪ ਹੋ ਜਾਣਗੀਆਂ।

**ਨੇਹਾ:** ਇਕ ਖੋਜ ਵਿਚ ਪਾਇਆ ਗਿਆ ਹੈ ਕਿ ਪਿਛਲੇ ਦੋ ਦਹਾਕਿਆਂ ਵਿਚ ਯੂਰਪ ਵਿਚ ਪਾਏ ਜਾਣ ਵਾਲੇ ਪੰਛੀਆਂ ਅਤੇ ਤਿਤਲੀਆਂ ਦੀਆਂ ਪ੍ਰਜਾਤੀਆਂ 37 ਤੋਂ 114 ਕਿ.ਮੀ. ਤਕ ਉਤਰ ਵਿਚ ਚਲੀਆਂ ਗਈਆਂ ਹਨ।

**ਰਾਮੂ:** ਸਰ... ਸਰ! ਮੈਂ ਇਸ ਵਿਸ਼ੇ ਵਿਚ ਜ਼ਿਆਦਾ ਨਹੀਂ ਜਾਣਦਾ ਹਾਂ। ਇਨ੍ਹਾਂ ਸਭ ਦਾ ਸਾਡੇ ਜੀਵਨ ਨਾਲ ਕੀ ਸਬੰਧ ਹੈ?

**ਨਰੇਸ਼:** ਪ੍ਰੋ. ਸਾਹਿਬ ! ਮੈਂ ਦੱਸਣਾ ਚਾਹਾਂਗਾ ਕਿ, ਇਹ ਮਾਸਟਰ ਜਮੂਰਾ (ਹੱਸਦਾ ਹੈ) ਮਹੇਸ਼ ਦੇ ਨਾਲ, ਸਹਾਇਕ ਦੀ ਭੂਮਿਕਾ ਨਿਭਾਉਂਦਾ ਹੈ ! ਬੜਾ ਹੀ ਬਾਤੂਨੀ ਹੈ , ਪਤਾ ਨਹੀਂ ਕਿੱਥੋਂ ਕਿੱਥੋਂ ਔੜਦੀ ਹੈ ਇਸਨੂੰ !

**ਪ੍ਰੋ. ਕ੍ਰਿਸ਼ਨਾ:** ਮੇਰੇ ਦੋਸਤ... ਮੈਂ ਤੁਹਾਡੇ ਸਵਾਲ ਦੀ ਪ੍ਰਸ਼ੰਸਾ ਕਰਦਾ ਹਾਂ। ਇਸ ਨੂੰ ਅਸੀਂ ਮਨੁੱਖੀ ਪ੍ਰਵਿਰਤੀ ਨਾਲ ਜੋੜ ਕੇ ਵੇਖ ਸਕਦੇ ਹਾਂ। ਸਾਨੂੰ ਇਹ ਗੱਲ ਧਿਆਨ ਵਿਚ ਰੱਖਣੀ ਵੀ ਜ਼ਰੂਰੀ ਹੈ ਕਿ ਕੁਝ ਭੌਤਿਕ ਅੜਚਣਾ ਜਿਵੇਂ ਕਿ ਉੱਚੇ ਪਰਬਤ, ਜ਼ਿਆਦਾ ਅਬਾਦੀ ਵਾਲੇ ਖੇਤਰ ਆਦਿ, ਜੀਵ-ਜੰਤੂਆਂ ਨੂੰ ਅਨੁਕੂਲ ਥਾਵਾਂ ਵੱਲ ਪਰਵਾਸ ਕਰਨ ਤੋਂ ਰੋਕ ਵੀ ਸਕਦੀਆਂ ਹਨ।

**ਨੇਹਾ:** ਹਾਂ ਜੀ ! ਹਿਮਾਲਿਆ ਪਰਬਤ ਇਸ ਦਾ ਇੱਕ ਵਧੀਆ ਉਦਾਹਰਨ ਹੈ। ਜਿਵੇਂ ਗਰਮੀ ਦੇ ਮੌਸਮ ਵਿਚ ਅਸੀਂ ਪਰਬਤਾਂ ਵੱਲ ਠੰਡੇ ਖੇਤਰਾਂ ਵੱਲ ਜਾਣਾ ਪਸੰਦ ਕਰਦੇ ਹਾਂ, ਕੁਝ ਇਸੇ ਤਰ੍ਹਾਂ ਦੀ ਗੱਲ, ਜੀਵ-ਜੰਤੂ ਅਤੇ ਪੇੜ-ਪੌਦਿਆਂ ’ਤੇ ਵੀ ਲਾਗੂ ਹੁੰਦੀ ਹੈ।

**ਮਹੇਸ਼:** ਸਰ... ਜਦ ਅਸੀਂ ਸਭ ਜਾਣਦੇ ਹਾਂ ਕਿ ਇਹ ਇਕ ਗੰਭੀਰ ਸਮੱਸਿਆ ਹੈ ਅਤੇ ਸਾਡੇ ਸਿਰ ’ਤੇ ਇੱਕ ਤਲਵਾਰ ਵਾਂਗ ਲਟਕ ਰਹੀ ਹੈ। ਸਾਡੇ ਨੇਤਾ-ਗਣ ਅਤੇ ਨੀਤੀ-ਨਿਰਧਾਰਕ, ਇਸ ਨਾਲ ਨਿਪਟਣ ਦਾ ਆਪਣੇ ਪੱਧਰ ਤੇ ਣਤਨ ਕਰਦੇ ਹੋਣਗੇ , ਪਰ ਅਸੀਂ ਇਸ ਵਿੱਚ ਕੀ ਯੋਗਦਾਨ ਪਾ ਸਕਦੇ ਹਾਂ ! ਅਸੀਂ ਤਾਂ ਹੋਏ ਮਦਾਰੀ !

**ਪ੍ਰੋ. ਕ੍ਰਿਸ਼ਨਾ:** ਮਹੇਸ਼... ਜਦੋਂ ਤੁਸੀਂ ਆਪਣੇ ਜਾਦੂ ਦਾ ਖੇਡ ਦਿਖਾਉਂਦੇ ਹੋ ਤਾਂ ਆਮ ਲੋਕਾਂ ਤਕ ਜਾ ਕੇ ਆਪਣੀ ਗੱਲ ਕਹਿੰਦੇ ਹੋ। ਮਜਾਕੀਆ ਲਹਿਜੇ ਵਿੱਚ ਹੀ ਤੁਸੀਂ ਆਪਣੇ ਸ਼ੋ ਵਿੱਚ ਸੰਦੇਸ਼ ਦੇ ਸਕਦੇ ਹੋ ਕਿ ਪੇੜ-ਪੌਦੇ ਅਤੇ ਜੀਵ-ਜੰਤੂ ਤਾਂ ਬਦਲਦੀਆਂ ਪਰਿਸਥਿਤੀਆਂ ਦੇ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦੇ ਹਨ, ਪਰ ਮਨੁੱਖ ਤਾਂ ਉਨ੍ਹਾਂ ਬੇਜਬਾਨਾਂ ਤੋਂ ਵੀ ਨਹੀਂ ਸਿੱਖ ਰਿਹਾ !

**ਰਾਮੂ:** ਵੇਖੋ ਉਸਤਾਦ ! ਐਵੇਂ ਨਾ ਮਨੁੱਖ ਨੂੰ ਦੋਸ਼ ਦਿਓ ! ਇਹ ਤਾਂ ਇਸ ਗ੍ਰਹਿ ਦਾ ਹੈ ਸੱਭ ਤੋਂ ਸਿਆਣਾ ਜੀਵ !

**ਮਹੇਸ਼:** ਜਮੂਰੇ ਐਵੇਂ ਨਾ ਤਾਰੀਫ ਕਰੀ ਜਾਹ ਇਸ ਮਨੁੱਖ ਦੀ ! ਇਸ ਦੀਆਂ ਗਲਤੀਆਂ ‘ਤੇ ਵੀ ਉਂਗਲ ਰੱਖਣ ਦਾ ਹੈ ਵਾਲਾ ਹੁਣ ! ਮਨੁੱਖ ਨੂੰ ਵੀ ਪਰਿਸਥਿਤਿਕ ਤੰਤਰ ਅਨੁਸਾਰ ਆਪਣੇ ਆਪ ਨੂੰ ਬਦਲਣਾ ਹੋਵੇਗਾ। ਅਸੀਂ ਨਵੇਂ ਢੰਗ ਤਰੀਕੇ ਅਪਣਾ ਕੇ ਜੀਵ-ਜੰਤੂ ਅਤੇ ਪੇੜ-ਪੌਦਿਆਂ ਦੀ ਪਰਿਸਥਿਤੀ ਦੀ ਸੁਰੱਖਿਆ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਾਂ।

**ਨਰੇਸ਼:** ਹਾਂ ਜੀ ! ਕੋਰਲ-ਰੀਫ ਇਸਦਾ ਇੱਕ ਵਧੀਆ ਉਦਾਹਰਨ ਹੈ। ਮ੍ਰਿਤ ਛੋਟੇ ਜੀਵਾਂ ਦੇ ਕੰਕਾਲਾਂ ਤੋਂ ਬਣਦੇ ਹਨ ਕੋਰਲ-ਰੀਫ ਯਾਨੀ ਮੂੰਗੇ ਦੀਆਂ ਚਟਾਨਾਂ। ਸਮੁੰਦਰਾਂ ਦੇ ਪਾਣੀ ਦੇ ਗਰਮ ਹੋਣ ਅਤੇ ਬਲੀਚਿੰਗ ਕਾਰਨ ਹੌਲੀ-ਹੌਲੀ ਇਹ ਮਰਦੇ ਜਾ ਰਹੇ ਹਨ। ਜੇਕਰ ਅਜਿਹੀ ਹੀ ਪਰਿਸਥਿਤੀ ਜਾਰੀ ਰਹੀ ਤਾਂ, ਅਗਲੇ 50 ਸਾਲਾਂ ਵਿਚ ਊਸ਼ਣ ਕਟੀਬੰਧੀ ਖੇਤਰਾਂ ਵਿਚ ਕੋਰਲ ਵਿਲੋਪ ਹੋ ਜਾਣਗੇ। ਇਨ੍ਹਾਂ ਦੀ ਸੁਰੱਖਿਆ ਲਈ ਸਾਨੂੰ ਅੱਗੇ ਆਉਣਾ ਚਾਹੀਦਾ ਹੈ।

**ਨਰੇਸ਼:** ਪ੍ਰੋ. ਸਾਹਿਬ, ਮੈਂ ਇਕ ਅਜਿਹੇ ਹੀ ਖੋਜ-ਮਾਡਲ ਦਾ ਅਧਿਐਨ ਕੀਤਾ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਹਜ਼ਾਰਾਂ ਪ੍ਰਾਣੀ ਅਤੇ ਬਨਸਪਤੀਆਂ ਦੀਆਂ ਪ੍ਰਜਾਤੀਆਂ ਵਿਸਥਾਪਿਤ ਹੋ ਰਹੀਆਂ ਹਨ।

**ਪ੍ਰੋ. ਕ੍ਰਿਸ਼ਨਾ:** ਮਿਸਟਰ ਨਰੇਸ਼... 4000 ਪ੍ਰਜਾਤੀਆਂ ਦੇ ਅਧਿਐਨ ਕਰਨ ਤੋਂ ਪਾਇਆ ਗਿਆ ਹੈ ਕਿ ਅੱਧੀਆਂ ਪ੍ਰਜਾਤੀਆਂ ਵਿਸਥਾਪਿਤ ਹੋ ਰਹੀਆਂ ਹਨ। ਜ਼ਮੀਨ ‘ਤੇ ਇਨ੍ਹਾਂ ਦੇ ਵਿਸਥਾਪਨ ਦੀ ਗਤੀ 10 ਕਿ.ਮੀ. ਤਕ ਵੇਖੀ ਗਈ ਹੈ ਅਤੇ ਸਮੁੰਦਰਾਂ ਵਿਚ ਇਹ ਗਤੀ 4 ਗੁਣਾ ਤਕ ਪਾਈ ਗਈ ਹੈ।

**ਪ੍ਰਿੰਸੀਪਲ:** ਪ੍ਰੋ. ਕ੍ਰਿਸ਼ਨਾ, ਤੁਹਾਡਾ ਖੋਜ ਕੰਮ, ਜੀਵ-ਜੰਤੂਆਂ 'ਤੇ ਗਲੋਬਲ ਵਾਰਮਿੰਗ ਦੇ ਪੈਣ ਵਾਲੇ ਪ੍ਰਭਾਵਾਂ 'ਤੇ ਅਧਾਰਿਤ ਹੈ। ਕੀ ਇਸ ਦਾ ਪ੍ਰਭਾਵ ਉਨ੍ਹਾਂ ਦੇ ਬਾਇਓਲੋਜੀਕਲ ਯਾਣੀ ਜੈਵਿਕ ਚੱਕਰ 'ਤੇ ਵੀ ਪੈਂਦਾ ਹੈ।

**ਪ੍ਰੋ. ਕ੍ਰਿਸ਼ਨਾ:** ਹਾਂ ਜੀ ! ਕਾਲਜ ਵਿਚ, ਪਹਿਲਾਂ ਵੀ ਕਈ ਮੰਚਾਂ/ਸਟੇਜਾਂ 'ਤੇ ਮੈਂ ਆਪਣਾ ਖੋਜ ਕੰਮ ਪੇਸ਼ ਕਰ ਚੁੱਕਿਆ ਹਾਂ। ਮੇਰੇ ਖੋਜ ਕੰਮਾਂ ਤੋਂ ਪਤਾ ਲੱਗਿਆ ਹੈ ਕਿ ਜੈਵਿਕ-ਘੜੀ ਵਿਚ ਬਦਲਾਅ ਹੋ ਰਹੇ ਹਨ। ਡੱਡੂ ਵਿਚ ਵੇਖਿਆ ਗਿਆ ਹੈ ਕਿ ਉਨ੍ਹਾਂ ਦਾ ਜਨਨ-ਚੱਕਰ ਇਕ ਦਹਾਕੇ ਵਿਚ 8 ਦਿਨ ਤਕ ਖਿਸਕ ਗਿਆ ਹੈ। ਪੰਛੀਆਂ ਅਤੇ ਤਿਤਲੀਆਂ ਵਿਚ ਇਹ ਬਦਲਾਅ ਚਾਰ ਦਿਨਾਂ ਦਾ ਪਾਇਆ ਗਿਆ ਹੈ। ਪੇੜ-ਪੌਦਿਆਂ ਵਿਚ ਵੀ ਫੁੱਲ ਅਤੇ ਫਲਾਂ ਦਾ ਸਮਾਂ-ਚੱਕਰ ਬਦਲ ਗਿਆ ਹੈ। ਜੀਵਾਂ ਦੇ ਵਿਸਥਾਪਨ ਦੇ ਕਾਰਨ, ਨਵੀਆਂ ਹਾਈਬ੍ਰਿਡ ਯਾਣੀ ਦੋਗਲੀਆਂ ਨਸਲਾਂ ਸਾਹਮਣੇ ਆਉਣ ਲੱਗੀਆਂ ਹਨ।

**ਮਹੇਸ਼:** ਪ੍ਰੋ. ਸਾਹਿਬ, ਇਸ ਵਿਸਥਾਪਨ ਦੇ ਕਿਹੜੇ ਗੰਭੀਰ ਪ੍ਰਭਾਵ ਸਾਹਮਣੇ ਆ ਸਕਦੇ ਹਨ?

**ਪ੍ਰੋ. ਕ੍ਰਿਸ਼ਨਾ:** ਮੌਸਮ ਵਿਚ ਬਦਲਾਅ ਦੇ ਕਾਰਨ, ਸੋਕਾ ਪੈ ਰਿਹਾ ਹੈ, ਹੜ੍ਹ ਆ ਰਹੇ ਹਨ, ਤਾਪਮਾਨ ਵਿਚ ਬਦਲਾਅ ਹੋ ਰਿਹਾ ਹੈ। ਨਤੀਜਾ - ਜੀਵਾਂ ਦਾ ਵਿਸਥਾਪਨ......

**ਪ੍ਰਿੰਸੀਪਲ:** ਇਸ ਤੋਂ ਪਹਿਲਾਂ ਕਿ ਅਸੀਂ ਆਪਣੀ ਚਰਚਾ ਨੂੰ ਵਿਰਾਮ ਦਈਏ, ਮੈਂ ਚਾਹਾਂਗਾ ਕਿ ਮਿਸਟਰ ਨਰੇਸ਼, ਸਮੱਸਿਆ ਨਾਲ ਨਿਪਟਣ ਦੇ ਨਾਲ ਸਬੰਧਿਤ ਮੁੱਦਿਆਂ 'ਤੇ ਰੋਸ਼ਨੀ ਪਾਉਣ।

**ਨਰੇਸ਼:** ਧੰਨਵਾਦ ਸਰ ! ਅਲੱਗ-ਅਲੱਗ ਖੋਜ ਕੰਮਾਂ ਦੀ ਬਦੌਲਤ ਕਈ ਸੁਝਾਅ ਸਾਹਮਣੇ ਆਏ ਹਨ। ਸਭ ਤੋਂ ਪਹਿਲਾਂ ਸਾਨੂੰ ਸਮੱਸਿਆ ਦੀ ਜੜ੍ਹ ਤੱਕ ਜਾਣਾ ਪਵੇਗਾ। ਜਲਵਾਯੂ-ਤਬਦੀਲੀ ਕਾਰਨ ਸਜੀਵ ਪ੍ਰਜਾਤੀਆਂ ਕਿਵੇਂ ਦਾ ਵਿਸਥਾਪਨ ਕਰਨਗੀਆਂ - ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਜੋ ਉਪਾਅ ਕੀਤੇ ਜਾ ਸਕਦੇ ਨੇ ਉਹਨਾਂ ਵਿੱਚੋਂ ਕੁਝ ਨੇ - ਜਲਵਾਯੂ-ਤਬਦੀਲੀ ਦੇ ਅਨੁਸਾਰ ਪ੍ਰਜਾਤੀਆਂ ਵਿਚਕਾਰ ਆਪਸੀ ਸਬੰਧ ਵਧਾਉਣਾ; ਦੂਜਾ ਹੈ - ਵਿਸਥਾਪਨ ਵਿੱਚ ਮਦਦ ਕਰ ਸਕਣ ਦੀਆਂ ਸੰਭਾਵਨਾਵਾਂ ਤਲਾਸ਼ਣਾ ਅਤੇ ਤੀਜਾ ਹੈ - ਜਿਹੜੇ ਸ਼ਰਨਾਰਥੀ, ਵਿਸਥਾਪਿਤ ਹੋ ਕੇ ਆਉਂਦੇ ਹਨ, ਉਨ੍ਹਾਂ ਨੂੰ ਸਥਾਪਿਤ ਕਰਨਾ ਅਤੇ ਸ਼ਰਨ ਦੇਣਾ; ਚੌਥਾ ਹੈ - ਆਪਣੇ ਵਾਤਾਵਰਨ ਅਤੇ ਜੰਗਲਾਂ ਦੀ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ ਅਲੱਗ ਤੋਂ ਆਰਥਿਕ ਮੱਦਦ ਦਾ ਪ੍ਰਬੰਧ ਕਰਨਾ। ਆਖਰੀ ਉਪਾਅ ਜੋ ਮੈਂ ਐਥੇ ਗਿਣਨਾ ਚਾਹਾਂਗਾ ਉਹ ਇਹ ਹੈ ਕਿ ਵਿਸਥਾਪਨ ਦੀ ਮਾਰ ਹੇਠ ਆ ਸਕਣ ਵਾਲੀਆਂ ਪ੍ਰਜਾਤੀਆਂ ਦੀ ਪਛਾਣ ਕਰਨਾ।

ਨੇਹਾ: ਪ੍ਰੋ. ਸਾਹਿਬ... ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਪ੍ਰਿੰਸੀਪਲ ਸਰ ਅਤੇ ਡੀਨ ਸਰ ਦਾ ਵੀ ਸ਼ੁਕਰੀਆ ਕਰਨਾ ਚਾਹਾਂਗੀ, ਜਿਨ੍ਹਾਂ ਦੇ ਕਾਰਨ ਅਸੀਂ, ਇਸ ਖੁੱਲ੍ਹੇ ਸੈਸ਼ਨ ਦਾ ਆਯੋਜਨ ਕਰ ਸਕੇ। ਧੰਨਵਾਦ ਭਾਈ ਮਹੇਸ਼ ਅਤੇ ਉਨ੍ਹਾਂ ਦੇ ਛੋਟੇ ਕਲਾਕਾਰ ਮਾਸਟਰ ਰਾਮੂ ਦਾ...... ਉਹ ਆਪਣੇ ਨੁੱਕੜ-ਨਾਟਕਾਂ ਦੁਆਰਾ ਇਸ ਸਮੱਸਿਆ ਦੇ ਪ੍ਰਚਾਰ-ਪ੍ਰਸਾਰ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

ਅੰਤ ਵਿਚ ਤੁਹਾਡਾ ਸਭ ਦਾ ਚਾਹ-ਪਾਣੀ ਲਈ ਸਵਾਗਤ ਹੈ, ਜਿਸ ਦੀ ਵਿਵਸਥਾ ਬਾਹਰ ਗੈਲਰੀ ਵਿਚ ਕੀਤੀ ਗਈ ਹੈ। ਤੁਸੀਂ ਆਪਣੇ ਵਿਚਾਰ ਉਥੇ ਵੀ ਸਾਂਝੇ ਕਰ ਸਕਦੇ ਹੋ। ਧੰਨਵਾਦ... ਨਮਸਕਾਰ।

### ਧਾਰਾਵਾਹਿਕ ਸੰਗੀਤ ਦਾ ਸਮਾਪਨ ਭਾਗ###

ਪ੍ਰਸ਼ਨ:

ਪ੍ਰਸ਼ਨ -1 ਜਾਨਵਰਾਂ ਤੇ ਬਨਸਪਤੀ ਦਾ ਵਿਸਥਾਪਨ ਕਿਉਂ ਹੁੰਦਾ ਹੈ ?

ਉੱਤਰ : ਜਦ ਸਬੰਧਤ ਰੈਣ ਬਸੇਰਿਆਂ ਦੀ ਥਾਂ ਉਨ੍ਹਾਂ ਪ੍ਰਜਾਤੀਆਂ ਦੇ ਜੀਵਣ ਦੇ ਅਨੁਕੂਲ ਨਾ ਰਹੇ !

ਪ੍ਰਸ਼ਨ -2 ਕੈਨੇਡਾ ਦਾ ਲਾਇਨਕਸ ਉਤਰੀ ਧਰੁੱਵ ਵੱਲ ਕਿਉਂ ਵਿਸਥਾਪਿਤ ਹੋ ਗਿਆ ?

ਉੱਤਰ: ਕਿਉਂ ਜੋ ਤਾਪਮਾਨ ਵਧਣ ਕਰਕੇ ਉਸਦਾ ਖਾਜਾ ਵਿਸ਼ੇਸ਼ ਪ੍ਰਕਾਰ ਦਾ ਖਰਗੋਸ਼ ਵਿਥਾਪਨ ਕਰਕੇ ਉੱਤਰੀ ਧਰੁਵ ਵੱਲ ਚਲਾ ਗਿਆ !

........................................................................